Magazine on Low External Input Sustainable Agriculture

ਸਤੰਬਰ 2026, ਅੰਕ 34ਵਾਂ

LEISA INDIA

ਖਾਸ ਪੰਜਾਬੀ ਸੰਸਕਰਨ

ਲੀਜ਼ਾ ਇੰਡੀਆ ਦਾ 34ਵਾਂ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।

AME Foundation
No. 204, 100 Feet Ring Road, 3rd Phase
Banashankari, 2nd Block, 3rd Stage ,
Bangalore 560085 India
Tel:+91-080-355845528
E-mail: leisaindia@yahoo.co.in

ਖੇਤੀ ਵਿਰਾਸਤ ਮਿਸ਼ਨ
ਗਲੀ ਨੰ: 4, ਆਰ.ਵੀ. ਸ਼ਾਂਤੀ ਨਗਰ, ਬਾਜਾਖਾਨਾ ਰੋਡ,
ਜੈਤੋ-151202 ਸੰਪਰਕ : 01635-231415,503415
ਵੈਬਸਾਈਟ : www.khetivirasatmission.org
ਈਮੇਲ : khetivirasatmission@gmail.com

ਲੀਜ਼ਾ ਇੰਡੀਆ ਏ.ਐੱਮ.ਈ. ਫਾਊਂਡੇਸ਼ਨ ਦੁਆਰਾ ਆਈ.ਐੱਲ.ਈ.ਆਈ.ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।

ਮੁੱਖ ਸੰਪਾਦਕ :ਟੀ. ਐੱਮ ਰਾਧਾ, ਏ.ਐੱਮ.ਈ ਫਾਊਂਡੇਸ਼ਨ
ਸਲਾਹਕਾਰ ਸੰਪਾਦਕ:ਕੇ.ਵੀ.ਐੱਸ. ਪ੍ਰਸਾਦ,ਏ.ਐੱਮ.ਈ ਫਾਊਂਡੇਸ਼ਨ
ਸਹਾਇਕ ਸੰਪਾਦਕ : ਲਲਿਥਾ ਸੁਕਥੀਵਾਲ
ਸੰਪਾਦਕ ਮੰਡਲ ਤੇ ਪੰਜਾਬੀ ਸੰਸਕਰਣ : ਓਮੇਂਦਰ ਦੱਤ, ਅਮਨਜੋਤ ਕੌਰ
ਪ੍ਰਬੰਧ: ਜੀ.ਜੀ. ਰੁਕਮਣੀ ਏ.ਐੱਮ.ਈ ਫਾਊਂਡੇਸ਼ਨ
ਲੇਆਊਟ ਅਤੇ ਟਾਈਪ ਸੈਟਿੰਗ, ਡਿਜ਼ਾਈਨ : ਹਰਮੇਲ ਪਰੀਤ
ਆਵਰਣ ਫੋਟੋ : ਖੇਤੀ ਵਿਰਾਸਤ ਮਿਸ਼ਨ
ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਾਸ਼ਨ : ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਜ਼ਾ ਰੀਵਿਸ਼ਟਾ ਡੇ ਐਗਰੋਏਕੋਲੋਜ਼ਆ (ਲਾਤੀਨੀ ਸੰਸਕਰਨ)
ਲੀਜ਼ਾ ਇੰਡੀਆ (ਅੰਗਰੇਜ਼ੀ, ਕੰਨਾੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀਂ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਂਸਿਆਸ ਏਮ ਐਗੋਰਏਕੋਲੋਜ਼ੀਅ : ਬ੍ਰਾਜੀਲ ਬੋਆਬਾ(ਈਸਟ ਅਫਰੀਕਾ, ਅੰਗਰੇਜ਼ੀ ਸੰਸਕਰਨ)

ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਿਸਮ ਦੀ ਕਮੀਂ ਦੀ ਜਿੰਮੇਂਵਾਰੀ ਸਬੰਧਤ ਲੇਖਕ ਦੀ ਹੋਵੇਗੀ।

ਮਾਇਜੇਰੀਅਮ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਦੇ ਉੱਦਮ ਸਦਕਾ ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ

ਪਿਆਰੇ ਪਾਠਕੋ,
ਲੀਜ਼ਾ ਇੰਡੀਆ ਦੇ ਪੰਜਾਬੀ ਸੰਸਕਰਣ ਦਾ 34ਵਾਂ ਅੰਕ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹੈ। ਏ. ਐੱਮ.ਈ. ਫਾਊਂਡੇਸ਼ਨ ਵੱਲੋਂ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਤ ਇਸ ਪੱਤ੍ਰਿਕਾ ਨੂੰ ਆਪ ਜੀ ਤੋਂ ਮਿਲ ਰਹੇ ਭਰਪੂਰ ਹੁੰਘਾਰੇ ਅਤੇ ਪਿਆਰ ਦੇ ਬੇਹੱਦ ਮਸ਼ਕੂਰ ਹਾਂ, ਇਸ ਪਿਆਰ ਸਦਕਾ ਲੀਜ਼ਾ ਇੰਡੀਆ ਰਾਹੀਂ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਦੀ ਸਾਡੀ ਪ੍ਰਤੀਬੱਧਤਾ ਨੂੰ ਹੋਰ ਮਜ਼ਬੂਤੀ ਮਿਲਦੀ ਹੈ।

ਹਥਲੇ ਅੰਕ ਵਿੱਚ ਅਸੀਂ ਤੁਹਾਡੇ ਨਾਲ ਸੌਰ ਊਰਜਾ ਤੇ ਹੋਰ ਪ੍ਰਬੰਧਾਂ ਦੇ ਟਿਕਾਊਪਣ ਦੀ ਗੱਲ ਕਰਾਂਗੇ। ਕੁਦਰਤ ਵੱਲੋਂ ਬਖ਼ਸ਼ੇ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਬਾਰੇ ਜਾਣਕਾਰੀ ਸਾਂਝੀ ਕਰਾਂਗੇ। ਅਜਿਹਾ ਕਰਕੇ ਤੁਸੀਂ ਖੇਤੀ ਤੇ ਇਸ ਨਾਲ ਜੁੜੇ ਹੋਰ ਸਹਾਇਕ ਧੰਦਿਆਂ ਨੂੰ ਟਿਕਾਊ ਬਣਾ ਸਕੋਗੇ।

ਲੀਜ਼ਾ ਇੰਡੀਆ ਨੂੰ ਤਿਆਰ ਕਰਦਿਆਂ ਸਾਡੀ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਅਸੀਂ ਖੇਤੀ ਕਿਸਾਨੀ ਦੀ ਬਿਹਤਰੀ ਅਤੇ ਟਿਕਾਊ ਆਜੀਵਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤੰਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਿਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪ ਜੀ ਨਾਲ ਨਿਰੰਤਰ ਸਾਂਝਾ ਕਰੀਏ। ਆਸ ਹੈ ਕਿ ਲੀਜ਼ਾ ਇੰਡੀਆ ਦੇ ਪਿਛਲੇ ਅੰਕਾਂ ਵਾਂਗ ਹਥਲਾ ਪੰਜਾਬੀ ਸੰਸਕਰਨ ਵੀ ਪਾਠਕਾਂ ਦੀਆਂ ਆਸਾਂ 'ਤੇ ਖਰਾ ਉੱਤਰੇਗਾ।

ਲੀਜ਼ਾ ਇੰਡੀਆ
ਸਤੰਬਰ 2026

ਲੀਜ਼ਾ ਘੱਟ ਬਾਹਰੀ ਆਗਤਾਂ (ਖਾਦਾਂ ਅਤੇ ਰਸਾਇਣ ਦਵਾਈਆਂ) ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂੰ ਕਰਵਾਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਦੀ ਹੈ। ਇਹ ਉਨ੍ਹਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸੁਮਦਾਇਆਂ ਦੇ ਸਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਇਸ ਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਵਿਗਿਆਨੀਆਂ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਦੇ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ,ਇੱਕ ਰਾਜਨੀਤਕ ਸੁਨੇਹਾ ਹੈ।

ਏ.ਐੱਮ.ਈ. ਫਾਊਂਡੇਸ਼ਨ ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਏ. ਐੱਮ. ਈ. ਫਾਊਂਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰਾਂ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ. ਐੱਮ.ਈ. ਫਾਊਂਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਧਤੀ ਤਿਆਰ ਕਰਨ ਅਤੇ ਅਪਣਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਵੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹਨ। www.amefound.org

ਬੋਰਡ ਆਫ਼ ਟਰੱਸਟੀ : **ਸ੍ਰੀ ਚਰਨਜੀਵ ਸਿੰਘ** ਆਈ.ਏ.ਐੱਸ. (ਰਿਟਾ.) ਚੇਅਰਮੈਨ : **ਡਾ. ਸੁਮਿਤਾ ਪ੍ਰੇਮਚੰਦਰ**, ਵਾਈਸ ਚੇਅਰਮੈਨ ; **ਡਾ. ਐੱਨ ਜੀ ਹੇਗੜੇ**, ਖਜਾਨਚੀ; **ਮਿਸੇਜ ਰੇਨੁਕਾ ਚਿਦੰਮਬਰਮ**, ਮੈਂਬਰ; **ਸ੍ਰੀ ਮੋਲੋਏ ਬੈਨਰਜੀ**, ਮੈਂਬਰ।

ਖੇਤੀ ਵਿਰਾਸਤ ਮਿਸ਼ਨ ਸਵੈਨਿਰਭਰ, ਸਵੈਮਾਣੀ, ਸਵੇਦਸ਼ੀ ਖੇਤੀ ਅਤੇ ਸਰਬੱਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ 2005 ਤੋਂ ਹੀ ਇਹ ਪੰਜਾਬ ਨੂੰ ਦਰਪੇਸ਼ ਖੇਤੀ, ਸਿਹਤ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖ਼ਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਨ ਜ਼ਹਿਰੀਲੀ ਰਸਾਇਣਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫ਼ਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

ਮਾਇਜੇਰੀਅਰ ਦੀ ਸਥਾਪਨਾ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਵਰ੍ਹਿਆਂ ਤੋਂ ਮਾਇਜ਼ੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰਜੀਕਾ ਵਿੱਚ ਗਰੀਬੀ ਖ਼ਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜ਼ੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇਜੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾਂ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤੀ ਤਿਆਰ ਬਰ ਤਿਆਰ ਖੜ੍ਹਾ ਹੈ। (www.misereor.de;misereor.org)

ਇਸ ਅੰਕ ਵਿੱਚ

ਉੜੀਸਾ, ਭਾਰਤ : ਕੱਦੂ ਦੀ ਖੇਤੀ ਦਾ ਉੱਭਰਦਾ ਕੇਂਦਰ

ਜਿੱਥੋਂ ਤੱਕ ਨਜਰ ਜਾਂਦੀ ਹੈ, ਉੱਥੋਂ ਤੱਕ ਕੱਦੂਦੇ ਖੇਤ ਹੀ ਖੇਤ ਨਜਰ ਆਉਂਦੇ ਹਨ। ਇਹ ਦ੍ਰਿਸ਼ ਓਡੀਸ਼ਾ ਦੇ ਪੂਰਬੀ ਹਿੱਸੇ ਵਿੱਚ ਸਥਿਤ ਮਯੂਰਭੰਜ ਜਿਲ੍ਹੇ ਦੇ ਕਰੰਜੀਆ ਬਲਾਕ ਵਿੱਚ ਦੇਖਣ ਨੂੰ ਮਿਲਦਾ ਹੈ, ਜੋ ਕਿ ਇੱਕ ਆਦੀਵਾਸੀ ਆਬਾਦੀ ਵਾਲਾ ਇਲਾਕਾ ਹੈ।

ਪੰਨਾ 5

ਸਫਲ ਖੇਤੀ ਲਈ ਖੇਤ ਦੀ ਵਿਭਿੰਨਤਾ

ਬਸਨਾਗੌੜਾ ਰਾਯਨਾਗੌੜਾ ਪਾਟਿਲ, ਗਦਗ ਤਾਲੁਕ ਦੇ ਪਾਪਨਾਸ਼ੀ ਪਿੰਡ ਦੇ ਇੱਕ ਅਗਾਂਹਵਧੂਕਿਸਾਨ ਹਨ। ਉਹ 77 ਸਾਲ ਦੇ ਹਨ। ਇਸ ਉਮਰ ਵਿੱਚ ਵੀ ਉਹ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਖੇਤੀ ਕਰਦੇ ਹਨ ਅਤੇ ਖੇਤੀ ਨੂੰ ਬੜੇ ਜਜ਼ਬੇ ਨਾਲ ਅਪਣਾਉਂਦੇ ਹੋਏ ਸਿਹਤਮੰਦ ਜੀਵਨ ਬਤੀਤ ਕਰ ਰਹੇ ਹਨ।

ਪੰਨਾ 7

ਘਰੇਲੂ ਬਗੀਚੀ: ਪਰਿਵਾਰ ਦੀ ਪੋਸ਼ਣ ਸੁਰੱਖਿਆ ਅਤੇ ਵਾਧੂ ਆਮਦਨ ਦਾ ਸਰੋਤ

ਬਰਸਾਤ 'ਤੇ ਨਿਰਭਰ ਖੇਤੀ ਕਰਨ ਵਾਲੇ ਕਿਸਾਨਾਂ ਦੀ ਆਮਦਨ ਮੌਸਮ ਦੀ ਮਾਰ ਕਾਰਨ ਅਕਸਰ ਅਸਥਿਰ ਰਹਿੰਦੀ ਹੈ। ਅਜਿਹੇ ਹਾਲਾਤਾਂ ਵਿੱਚ ਖੇਤੀ ਨਾਲ ਜੁੜੇ ਹੋਰ ਛੋਟੇ-ਛੋਟੇ ਉਪਰਾਲੇ ਕਿਸਾਨਾਂ ਲਈ ਵੱਡਾ ਸਹਾਰਾ ਬਣਦੇ ਹਨ। ਘਰੇਲੂਬਗੀਚੀ ਵੀ ਅਜਿਹਾ ਹੀ ਇੱਕ ਉਪਰਾਲਾ ਹੈ, ਜੋ ਪਰਿਵਾਰ ਨੂੰ ਤਾਜ਼ਾ ਅਤੇ ਪੌਸ਼ਟਿਕ ਭੋਜਨ, ਵਾਧੂਆਮਦਨ ਅਤੇ ਪੋਸ਼ਣ ਸੁਰੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਔਰਤਾਂ ਨੂੰ ਆਤਮਨਿਰਭਰ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ।

ਪੰਨਾ 9

ਟਿਕਾਊ ਸਬਜ਼ੀ ਖੇਤੀ ਦੀ ਸਫ਼ਲਤਾ ਦੀ ਕਹਾਣੀ

ਭੁਵਨ ਅਤੇ ਕੰਕਾਦਹਾੜ ਦਾ ਮਾਡਲ ਇਹ ਦਿਖਾਉਂਦਾ ਹੈ ਕਿ ਵਿਭਿੰਨਤਾ, ਵਿਕੇਂਦ੍ਰੀਕਰਨ ਅਤੇ ਵਾਤਾਵਰਣ ਪੱਖੀ ਖੇਤੀ ਪੱਦਤੀਆਂ ਰਾਹੀਂ ਜਲਵਾਯੂਪਰਿਵਰਤਨ ਦਾ ਸਾਹਮਣਾ ਕੀਤਾ ਜਾ ਸਕਦਾ ਹੈ। ਘੱਟ ਲਾਗਤ ਵਾਲੀ ਸਬਜ਼ੀ ਦੇ ਇਸ ਮਾਡਲ ਦੀ ਸਫਲਤਾ ਨੂੰ ਹੋਰ ਵਰਖਾ ਆਧਾਰਿਤ ਇਲਾਕਿਆਂ ਅਤੇ ਸੀਮਾਂਤ ਖੇਤਰਾਂ ਵਿੱਚ ਅਪਣਾਇਆ ਜਾ ਸਕਦਾ ਹੈ।

ਪੰਨਾ 11

ਟ੍ਰੈਲਿਸ ਉੱਪਰ ਸਬਜ਼ੀਆਂ ਦੀ ਖੇਤੀ : ਛੋਟੇ ਕਿਸਾਨਾਂ ਲਈ ਆਮਦਨੀ ਵਧਾਉਣ ਦੀ ਇੱਕ ਉਮੀਦ

ਟ੍ਰੈਲਿਸ ਆਧਾਰਿਤ ਸਬਜ਼ੀ ਉਤਪਾਦਨ ਇੱਕ ਟਿਕਾਊਖੇਤੀ ਪ੍ਰਣਾਲੀ ਹੈ, ਜੋ ਸੂਰਜੀ ਰੌਸ਼ਨੀ ਦੀ ਵੱਧ ਤੋਂ ਵੱਧ ਵਰਤੋਂ ਕਰਦੀ ਹੈ, ਹਵਾ ਦੇ ਸੰਚਾਰ ਨੂੰ ਰਿਹਤਰ ਬਣਾਉਂਦੀ ਹੈ ਅਤੇ ਕਈ ਤਹਿਆਂ ਵਾਲੀ ਫਸਲ ਪ੍ਰਣਾਲੀ ਨੂੰ ਪ੍ਰੋਤਸ਼ਾਹਿਤ ਕਰਦੀ ਹੈ। ਇਸ ਤਰੀਕੇ ਨੂੰ ਅਪਣਾ ਕੇ ਭਾਰਤ ਦੇ ਕਈ ਰਾਜਾਂ ਵਿੱਚ 10,000 ਤੋਂ ਵੱਧ ਛੋਟੇ ਅਤੇ ਸੀਮਾਂਤ ਕਿਸਾਨਾਂ

ਪੰਨਾ 17

ਸੰਪਾਦਕੀ

ਭਾਰਤੀ ਖੇਤੀ ਅੱਜ ਇੱਕ ਅਜਿਹੇ ਦੌਰ ਵਿੱਚੋਂ ਲੰਘ ਰਹੀ ਹੈ ਜਿੱਥੇ ਪੁਰਾਣੀਆਂ ਚੁਣੌਤੀਆਂ ਦੇ ਨਾਲ ਨਵੀਂਆਂ ਮੁਸ਼ਕਲਾਂ ਵੀ ਲਗਾਤਾਰ ਜੁੜ ਰਹੀਆਂ ਹਨ। ਛੋਟੀਆਂ ਜ਼ਮੀਨਾਂ, ਵਧਦੀ ਖੇਤੀ ਲਾਗਤ, ਪਾਣੀ ਦੀ ਘਾਅ, ਮਿੱਟੀ ਦੀ ਸਿਹਤ ਵਿੱਚ ਗਿਰਾਵਟ, ਕੀਟਾਂ ਦਾ ਹਮਲਾ–ਬਿਮਾਰੀਆਂ ਅਤੇ ਸਭ ਤੋਂ ਵੱਧ ਅਨਿਸ਼ਚਿਤ ਮੌਸਮ ਨੇ ਕਿਸਾਨੀ ਨੂੰ ਬਹੁਤ ਜੋਖ਼ਮ ਭਰਿਆ ਬਣਾ ਦਿੱਤਾ ਹੈ। ਮੀਂਹ ਆਧਾਰਿਤ ਖੇਤਰਾਂ ਵਿੱਚ ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੈ, ਜਿੱਥੇ ਕਿਸਾਨਾਂ ਦੀ ਖੇਤੀ ਅਤੇ ਆਮਦਨੀ ਪੂਰੀ ਤਰ੍ਹਾਂ ਮੀਂਹ ਦੇ ਉੱਪਰ ਨਿਰਭਰ ਕਰਦੀ ਹੈ। ਪਰ ਦੇਸ਼ ਦੇ ਵੱਖ–ਵੱਖ ਹਿੱਸਿਆਂ ਤੋਂ ਸਾਹਮਣੇ ਆ ਰਹੇ ਖੇਤੀ ਮਾਡਲ ਇਹ ਉਮੀਦ ਜਗਾਉਂਦੇ ਹਨ ਕਿ ਚੁਣੌਤੀਆਂ ਦੇ ਬਾਵਜੂਦ ਖੇਤੀ ਨੂੰ ਵਧੇਰੇ ਟਿਕਾਊ, ਲਾਭਦਾਇਕ ਅਤੇ ਮੌਸਮ ਦਾ ਸਾਹਮਣਾ ਕਰਨ ਵਾਲੀ ਬਣਾਇਆ ਜਾ ਸਕਦਾ ਹੈ।

ਇਹਨਾਂ ਤਜ਼ਰਬਿਆਂ ਦੀ ਸਭ ਤੋਂ ਵੱਡੀ ਸਿੱਖਿਆ ਇਹ ਹੈ ਕਿ ਖੇਤੀ ਦਾ ਭਵਿੱਖ ਸਿਰਫ਼ ਵੱਧ ਪੈਦਾਵਾਰ ਵਿੱਚ ਨਹੀਂ, ਸਗੋਂ ਘੱਟ ਲਾਗਤ, ਸਰੋਤਾਂ ਦੀ ਸਮਝਦਾਰ ਵਰਤੋਂ, ਫਸਲੀ ਵਿਭਿੰਨਤਾ ਅਤੇ ਬਾਜ਼ਾਰ ਨਾਲ ਜੁੜਨ ਵਿੱਚ ਹੈ। ਓਡੀਸ਼ਾ ਦੇ ਕੱਦੂ ਉਤਪਾਦਕ ਕਿਸਾਨਾਂ ਤੋਂ ਲੈ ਕੇ ਕਰਨਾਟਕ ਦੀ ਘਰੇਲੂਬਗੀਚੀ ਬਣਾਉਣ ਵਾਲੇ ਪਰਿਵਾਰਾਂ ਅਤੇ ਟਿਕਾਊਸਬਜ਼ੀ ਖੇਤੀ ਕਰਨ ਵਾਲੇ ਕਿਸਾਨ ਸਮੂਹਾਂ ਤੱਕ ਇੱਕ ਗੱਲ ਸਾਂਝੀ ਨਜਰ ਆਉਂਦੀ ਹੈ – ਜਦੋਂ ਕਿਸਾਨ ਨੂੰ ਸਹੀ ਤਕਨੀਕ ਅਤੇ ਦਿਸ਼ਾ ਮਿਲਦੀ ਹੈ ਤਾਂ ਛੋਟੀ ਜ਼ੋਤ ਵੀ ਵਧੀਆ ਆਮਦਨੀ ਦਾ ਜ਼ਰੀਆ ਬਣ ਸਕਦੀ ਹੈ।

ਓਡੀਸ਼ਾ ਵਿੱਚ ਕੱਦੂ ਦੀ ਖੇਤੀ ਇਸ ਬਦਲਾਅ ਦੀ ਇੱਕ ਦਿਲਚਸਪ ਮਿਸਾਲ ਹੈ। ਕੁੱਝ ਸਾਲ ਪਹਿਲਾਂ ਤੱਕ ਸਥਾਨਕ ਕਿਸਮਾਂ ਦੀ ਘੱਟ ਪੈਦਾਵਾਰ, ਵਾਇਰਲ ਬਿਮਾਰੀਆਂ ਪ੍ਰਤਿ ਸੰਵੇਦਨਸ਼ੀਲਤਾ ਅਤੇ ਮੰਡੀ ਦੀ ਮੰਗ ਨਾਲ ਮੇਲ ਨਾ ਖਾਣ ਕਾਰਨ ਕਿਸਾਨਾਂ ਨੂੰ ਉਮੀਦ ਅਨੁਸਾਰ ਆਮਦਨੀ ਨਹੀਂ ਹੁੰਦੀ। ਸੁਧਰੇ ਅਤੇ ਰੋਗ–ਪ੍ਰਤੀਰੋਧੀ ਬੀਜਾਂ ਦੇ ਨਾਲ ਖੇਤੀ ਦੀਆਂ ਨਵੀਆਂ ਤਕਨੀਕਾਂ ਜਿਵੇਂ ਕੀਟ ਪ੍ਰਬੰਧਨ, ਸੰਤੁਲਿਤ ਖਾਦ ਆਦਿ ਅਪਣਾ ਕੇ ਖੇਤੀ ਵਿੱਚ ਸੁਧਾਰ ਕੀਤਾ ਅਤੇ ਕਿਸਾਨਾਂ ਨੂੰ ਵੀ ਆਰਥਿਕ ਲਾਭ ਮਿਲਿਆ।

ਇਸੇ ਤਰ੍ਹਾਂ ਕਰਨਾਟਕ ਦੇ ਮੀਂਹ ਆਧਾਰਿਤ ਖੇਤਰਾਂ ਦਾ ਤਜ਼ਰਬਾ ਇਹ ਦਰਸਾਉਂਦਾ ਹੈ ਕਿ ਜੇ ਮੁੱਖ ਫਸਲ ਮੌਸਮ ਦੀ ਮਾਰ ਹੇਠ ਆ ਜਾਵੇ ਤਾਂ ਪਰਿਵਾਰ ਦੀ ਖੁਰਾਕ ਅਤੇ ਆਮਦਨ ਨੂੰ ਕਿਵੇਂ ਸੁਰੱਖਿਅਤ ਰੱਖਿਆ ਜਾਵੇ। ਦੇਖਣ ਵਿੱਚ ਸ਼ਾਇਦ ਘਰੇਲੂ ਬਗੀਚੀ ਬਹੁਤ ਸਾਧਾਰਨ ਨੱਗੇ ਪਰ ਅਜਿਹੇ ਔਖੇ ਸਮੇਂ ਇਹ ਕਿਵੇਂ ਪਰਿਵਾਰ ਦੇ ਪੋਸ਼ਣ ਅਤੇ ਆਰਥਿਕਤਾ ਨੂੰ ਬਚਾਉਂਦੀ ਹੈ, ਅਸੀਂ ਇਸ ਮਾਡਲ ਤੋਂ ਸਮਝ ਸਕਦੇ ਹਾਂ।ਅਤੇ ਇਸਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਸ ਲਈ ਬਹੁਤ ਵੱਡੀ ਜ਼ਮੀਨ ਦੀ ਜ਼ਰੂਰਤ ਨਹੀਂ, ਘਰ ਦੇ ਪਿਛਵਾੜੇ ਜਾਂ ਆਸ–ਪਾਸ ਦੀ ਛੋਟੀ ਜਗ੍ਹਾ ਵਿੱਚ ਹੀ ਪਰਿਵਾਰ ਦੇ ਲਈ ਸਬਜ਼ੀਆਂ ਉਗਾਈਆਂ ਜਾ ਸਕਦੀਆਂ ਅਤੇ ਘਰ ਦੇ ਰਸੋਈ ਦੇ ਕਚਰੇ ਤੋਂ ਖਾਦ ਬਣਾ ਕੇ ਬਗਚੀਚ ਵਿੱਚ ਖਾਦ ਪਾਈ ਜਾ ਸਕਦੀ ਹੈ।

ਇਸੇ ਤਰ੍ਹਾ ਕਰੰਜਾ ਦੀਆਂ ਮਹਿਲਾਵਾਂ ਨੇ ਵੀ ਇਹ ਸਿੱਧ ਕਰ ਦਿਖਾਇਆ ਕਿ ਸਿਰਫ 2 ਸੈਂਟ ਦੀ ਜਗ੍ਹਾ ਵਿੱਚ ਪਰਿਵਾਰ ਲਈ ਪੋਸ਼ਣ ਅਤੇ ਆਮਦਨੀ ਦੋਵਾਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

ਦੂਜੇ ਪਾਸੇ, ਵੇਲ ਵਾਲੀਆਂ ਸਬਜ਼ੀਆਂ ਲਈ ਟ੍ਰੈਲਿਸ ਜਿਹੇ ਢਾਂਚੇ ਵਾਲੀਆਂ ਤਕਨੀਕਾਂ ਛੋਟੇ ਕਿਸਾਨਾਂ ਲਈ ਰਾਹ ਦਸੇਰਾ ਬਣ ਰਹੀਆਂ ਹਨ। ਜ਼ਮੀਨ ਦੀ ਲੰਬਕਾਰੀ ਵਰਤੋਂ ਕਰਕੇ ਪੌਦਿਆਂ ਨੂੰ ਸਹਾਰਾ ਦੇਣਾ, ਸਰੋਤਾਂ ਦੀ ਸਹੀ ਵਰਤੋਂ ਕਰਨਾ, ਘੱਟ ਜਗ੍ਹਾ ਵਿੱਚ ਕਈ ਤਰ੍ਹਾ ਦੀਆਂ ਸਬਜ਼ੀਆਂ ਲਗਾ ਕੇ ਪੈਦਾਵਾਰ ਅਤੇ ਗੁਣਵੱਤਾ ਦੋਵਾਂ ਵਿੱਚ ਵਾਧਾ ਇਹ ਦਿਖਾਉਂਦਾ ਹੈ ਕਿ ਕਈ ਵਾਰ ਸਿਰਫ ਇੱਕ ਛੋਟੀ ਜਿਹੀ ਤਕਨੀਕ ਜਿੰਦਗੀ ਬਦਲ ਸਕਦੀ ਹੈ।

ਇਹਨਾਂ ਤਜ਼ਰਬਿਆਂ ਦਾ ਇੱਕ ਹੋਰ ਮਹੱਤਵਪੂਰਨ ਪੱਖ ਪਾਣੀ ਦਾ ਪ੍ਰਬੰਧਨ ਹੈ। ਤੁਪਕਾ ਸਿੰਚਾਈ ਅਤੇ ਫੁਹਾਰਾ ਸਿੰਚਾਈ ਰਾਹੀਂ, ਖੇਤ ਵਿੱਚ ਤਾਲਾਬ ਬਣਾ ਕੇ ਪਾਣੀ ਇਕੱਠਾ ਕਰਨ ਆਦਿ ਰਾਹੀਂ ਸਹੀ ਤਰੀਕੇ ਨਾਲ ਪਾਣੀ ਦਾ ਪ੍ਰਬੰਧਨ ਕੀਤਾ ਜਾ ਸਕਦਾ ਹੈ ਅਤੇ ਅਨਿਸ਼ਚਿਤ ਵਰਖਾ ਦੀ ਚੁਣੌਤੀ ਨਾਲ ਨਜਿੱਠਿਆ ਜਾ ਸਕਦਾ ਹੈ। ਜਿੱਥੇ ਪਾਣੀ ਦੀ ਉਪਲਬਧਤਾ ਯਕੀਨੀ ਹੋਈ, ਉੱਥੇ ਕਿਸਾਨ ਸਾਲ ਵਿੱਚ 3 ਫਸਲਾਂ ਲੈ ਸਕਦੇ ਹਨ ।

ਇਹਨਾਂ ਸਾਰੇ ਮਾਡਲਾਂ ਵਿੱਚ ਮਹਿਲਾਵਾਂ ਦੀ ਭੂਮਿਕਾ ਖਾਸ ਤੌਰ 'ਤੇ ਉੱਭਰ ਕੇ ਸਾਹਮਣੇ ਆਉਂਦੀ ਹੈ। ਮਹਿਲਾ ਸਵੈ–ਸਹਾਇਤਾ ਸਮੂਹਾਂ ਨੇ ਕਈ ਥਾਵਾਂ 'ਤੇ ਘਰੇਲੂ ਬਗੀਚੀ ਤੋਂ ਲੈ ਕੇ ਸਬਜ਼ੀ ਦੀ ਵਪਾਰਕ ਖੇਤੀ ਤੱਕ ਆਪਣੀ ਭਾਗੀਦਾਰੀ ਵਧਾਈ ਹੈ ਜਿਵੇਂ ਕਿ ਕਰੰਜਾ ਪਿੰਡ ਦੀਆਂ ਮਹਿਲਾਵਾਂ ਨੇ। ਸਮੂਹਿਕ ਤੌਰ 'ਤੇ ਜ਼ਮੀਨ ਲੈ ਕੇ ਖੇਤੀ ਕਰਨਾ, ਮਿਲ ਕੇ ਖੇਤੀ ਕਰਨਾ, ਉਪਜ ਵੇਚਣਾ ਅਤੇ ਮੁਨਾਫ਼ਾ ਸਾਂਝਾ ਕਰਨਾ ਇਹ ਸਭ ਮਹਿਲਾਵਾਂ ਲਈ ਆਰਥਿਕ ਮੌਕੇ ਵਧਾਉਂਦਾ ਹੈ ਅਤੇ ਇਸਦੇ ਨਾਲਹੀ ਉਹਨਾਂ ਵਿੱਚ ਫੈਸਲੇ ਲੈਣ ਦੇ ਲਈ ਆਤਮ–ਵਿਸ਼ਵਾਸ ਨੂੰ ਜਗਾਉਂਦਾ ਹੈ।

ਇਸਦੇ ਨਾਲ ਹੀ ਬਾਜ਼ਾਰ ਦੀ ਅਹਿਮੀਅਤ ਨੂੰ ਅਣਦੇਖਾ ਨਹੀਂ ਕੀਤਾ ਜਾ ਸਕਦਾ ਕਿਉਕਿ ਆਖ਼ਿਰਕਾਰ ਉਪਜਾ ਬਾਜ਼ਾਰ ਵਿੱਚ ਹੀ ਵੇਚਣੀ ਹੈ। ਸੋ ਕਿਸਾਨਾਂ ਦੇ ਸਮੂਹ ਬਣਾ ਕੇ ਉਹਨਾਂ ਨੂੰ ਫਸਲ ਦੇ ਉਤਪਾਦਨ ਤੋਂ ਲੈ ਕੇ ਮੰਡੀਕਰਨ ਤੱਕ ਪੂਰੀ ਸਹਾਇਤਾ ਦਿੱਤੀ ਗਈ।

ਸੋ ਅੱਜ ਲੋੜ ਇਸ ਗੱਲ ਦੀ ਹੈ ਕਿ ਇਹਨਾਂ ਸਫਲ ਤਜ਼ਰਬਿਆਂ ਨੂੰ ਸਿਰਫ ਪੜ੍ਹ ਕੇ ਛੱਡ ਨਾ ਦਿੱਤਾ ਜਾਵੇ ਬਲਕਿ ਇਹਨਾਂ ਤਕਨੀਕਾਂ ਨੂੰ ਸਮਝ ਕੇ ਆਪਣੀ ਜਗ੍ਹਾਂ ਅਤੇ ਹਾਲਾਤਾਂ ਅਨੁਸਾਰ ਢਾਲ ਕੇ ਲਾਗੂਕੀਤਾ ਜਾਵੇ। ਕਿਉਂਕਿ ਇਹਨਾਂ ਸਭ ਦੇ ਮੁੱਢ ਵਿੱਚ ਵਿਚਾਰ ਇੱਕੋਂ ਹੀ ਹਨ, ਫਿਰ ਚਾਹੇ ਜਗ੍ਹਾ ਕੋਈ ਵੀ ਕਿਉਂ ਨਾ ਹੋਵੇ ਜਿਵੇਂ ਫਸਲੀ ਵਿਭਿੰਨਤਾ, ਪਾਣੀ ਦੀ ਸੰਭਾਲ, ਬਾਹਰੀ ਸਰੋਤਾਂ ਉੱਪਰ ਨਿਰਭਰਤਾ ਨੂੰ ਘਟਾਉਣਾ, ਮਹਿਲਾਵਾਂ ਦੀ ਭਾਗੀਦਾਰੀ, ਸਮੂਹ ਦੀ ਤਾਕਤ ਅਤੇ ਮਜ਼ਬੂਤ ਮੰਡੀਕਰਨ।

ਉਮੀਦ ਹੈ ਤੁਹਾਨੂੰ ਲੀਜ਼ਾ ਇੰਡੀਆ ਦਾ ਇਹ ਅੰਕ ਬਹੁਤ ਪਸੰਦ ਆਵੇਗਾ।

ਧੰਨਵਾਦ

ਲੀਜ਼ਾ ਇੰਡੀਆ

ਉੜੀਸਾ, ਭਾਰਤ : ਕੱਦੂ ਦੀ ਖੇਤੀ ਦਾ ਉੱਭਰਦਾ ਕੇਂਦਰ

ਜਿੱਥੋਂ ਤੱਕ ਨਜਰ ਜਾਂਦੀ ਹੈ, ਉੱਥੋਂ ਤੱਕ ਕੱਦੂਦੇ ਖੇਤ ਹੀ ਖੇਤ ਨਜਰ ਆਉਂਦੇ ਹਨ। ਇਹ ਦ੍ਰਿਸ਼ ਓਡੀਸ਼ਾ ਦੇ ਪੂਰਬੀ ਹਿੱਸੇ ਵਿੱਚ ਸਥਿਤ ਮਯੂਰਭੰਜ ਜਿਲ੍ਹੇ ਦੇ ਕਰੰਜੀਆ ਬਲਾਕ ਵਿੱਚ ਦੇਖਣ ਨੂੰ ਮਿਲਦਾ ਹੈ, ਜੋ ਕਿ ਇੱਕ ਆਦੀਵਾਸੀ ਆਬਾਦੀ ਵਾਲਾ ਇਲਾਕਾ ਹੈ।

ਪਿਛਲੇ ਫਸਲੀ ਸੀਜ਼ਨ ਦੌਰਾਨ, ਨਵੀਆਂ ਖੇਤੀ ਤਕਨੀਕਾਂ ਅਤੇ ਰੋਗ ਪ੍ਰਤੀਰੋਧੀ ਬੀਜਾਂ ਦੀ ਵਰਤੋ ਕਰਕੇ ਕਰੰਜੀਆਂ ਅਤੇ ਨਾਲ ਲੱਗਦੇ ਕੇਓਂਝਰ ਜਿਲ੍ਹੇ ਦੇ ਲਗਭਗ 2,000 ਏਕੜ ਰਕਬੇ ਵਿੱਚ ਕੱਦੂ ਦੀ ਫਸਲ ਉਗਾਈ। ਪੋਸ਼ਕ ਤੱਤਾਂ ਨਾਲ ਭਰਪੂਰ ਇਹ ਸਬਜ਼ੀ ਕਿਸਾਨਾਂ ਨੂੰ ਔਸਤਨ ਪ੍ਰਤਿ ਏਕੜ 830 ਤੋਂ 870 ਅਮਰੀਕੀ ਡਾਲਰ ਦਾ ਸ਼ੁੱਧ ਮੁਨਾਫ਼ਾ ਦੇ ਰਹੀ ਹੈ, ਜਿਸ ਨਾਲ ਖੇਤਰ ਵਿੱਚ ਆਰਥਿਕ ਵਿਕਾਸ ਨੂੰ ਭਰਪੂਰ ਹੁਲਾਰਾ ਮਿਲ ਰਿਹਾ ਹੈ।

ਕੁੱਝ ਸਾਲ ਪਹਿਲਾਂ ਤੱਕ ਹਾਲਾਤ ਬਿਲਕੁਲ ਵੱਖਰੇ ਸਨ। ਹਾਲਾਂਕਿ ਇਸ ਇਲਾਕੇ ਦੀ ਰੇਤਲੀ ਦੋਮਟ **ਮਿੱਟੀ ਅਤੇ ਜਲਵਾਯੂਕੱਦੂ ਦੀ ਖੇਤੀ ਲਈ ਢੁੱਕਵੇਂ ਹਨ, ਪਰ ਰਵਾਇਤੀ ਖੇਤੀ ਤਰੀਕਿਆਂ ਅਤੇ** ਸਥਾਨਕ ਕੱਦੂਦੀਆਂ ਕਿਸਮਾਂ ਦੀ ਵਰਤੋਂ ਕਰਨ ਵਾਲੇ ਛੋਟੇ ਕਿਸਾਨ ਘੱਟ ਪੈਦਾਵਾਰ ਅਤੇ ਮੰਡੀ ਵਿੱਚ ਮੰਗ ਦੇ ਘੱਟ ਹੋਣ ਕਾਰਨ ਸੰਘਰਸ਼ ਕਰ ਰਹੇ ਸਨ। ਮੰਡੀ ਵਿੱਚ ਵੱਡੂਆਕਾਰ ਦੇ ਕੱਦੂਦੀ ਮੰਗ ਹੈ, ਜਦਕਿ ਸਥਾਨਕ ਕਿਸਮਾਂ ਵਾਇਰਲ ਬਿਮਾਰੀਆਂ ਲਈ ਵਧੇਰੇ ਸੰਵੇਦਨਸ਼ੀਲ ਹੋਣ ਕਾਰਨ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਕਰਨੀ ਪੈਂਦੀ ਸੀ ਅਤੇ ਫਲ ਦੀ ਗੁਣਵੱਤਾ ਵੀ ਮਾੜੀ ਸੀ।

ਕਰੰਜੀਆ ਦੇ ਕਿਸਾਨਾਂ ਨੇ ਘੱਟ ਪੈਦਾਵਾਰ ਵਾਲੀਆਂ ਕੱਦੂ ਦੀਆਂ ਰਵਾਇਤੀ ਕਿਸਮਾਂ ਨੂੰ ਛੱਡ ਕੇ ਵੱਧ ਪੈਦਾਵਾਰ ਦੇਣ ਵਾਲੀਆਂ ਕਿਸਮਾਂ ਅਪਣਾਈਆਂ ਹਨ।

ਫਿਰ 2021 ਵਿੱਚ ਹਾਲਾਤ ਬਦਲਣੇ ਸ਼ੁਰੂਹੋਏ, ਜਦੋਂ ਈਸਟ-ਵੈਸਟ ਸੀਡ ਨਾਲੇਜ਼ ਟ੍ਰਾਂਸਫਰ ਫਾਊਂਡੇਸ਼ਨ (ਈਡਬਲਿਊਐ-ਕੇਟੀ) ਨੇ ਮਯੂਰਭੰਜ ਅਤੇ ਕੇਓਝਰ ਜਿਲ੍ਹਿਆਂ ਦੇ ਛੋਟੇ ਕਿਸਾਨਾਂ ਨਾਲ ਕੰਮ ਕਰਨਾ ਸ਼ੁਰੂਕੀਤਾ। ਈਡਬਲਿਊਐਸ-ਕੇਟੀ ਨੇ ਸਥਾਨਕ ਕਿਸਾਨਾਂ ਦੇ ਖੇਤਾਂ ਵਿੱਚ ਸਬਜ਼ੀਆਂ ਦੀ ਉਪਜ ਦੇ ਪ੍ਰਦਰਸ਼ਨੀ ਪਲਾਟ ਤਿਆਰ ਕੀਤੇ ਅਤੇ ਸੁਧਰੀਆਂ ਖੇਤੀ ਤਕਨੀਕਾਂ ਬਾਰੇ ਸਿਖਲਾਈ ਸੈਸ਼ਨ ਕਰਵਾਏ। ਬੈੱਡ ਬਣਾਉਣਾ, ਪੌਦਿਆਂ ਵਿਚਕਾਰ ਸਹੀ ਦੂਰੀ, ਖਾਦ ਦੀ ਢੁੱਕਵੀਂ ਵਰਤੋਂ ਅਤੇ ਏਕੀਕ੍ਰਿਤ ਕੀਟ ਪ੍ਰਬੰਧਨ ਵਰਗੀਆਂ ਤਕਨੀਕਾਂ ਨਾਲ ਕਿਸਾਨਾਂ ਨੂੰ ਵਧ ਪੈਦਾਵਾਰ ਦੇ ਨਾਲ-ਨਾਲ ਬਿਹਤਰ ਗੁਣਵੱਤਾ ਵਾਲੀ ਫ਼ਸਲ ਮਿਲਣ ਲੱਗੀ। ਹਾਲਾਂਕਿ, ਸਥਾਨਕ ਕੱਦੂਦੀਆਂ ਕਿਸਮਾਂ ਨਾਲ ਜੁੜੀਆਂ ਮੰਡੀ ਦੀਆਂ ਸਮੱਸਿਆਵਾਂ ਹਾਲੇ ਵੀ ਬਰਕਰਾਰ ਸਨ।

2022 ਵਿੱਚ, ਈਡਬਲਿਊਐਸ-ਕੇਟੀ ਨੇ ਕੇਓਂਝਰ ਵਿੱਚ ਸੈਂਟਰ ਆਫ ਐਕਸੀਲੈਂਸ ਸਥਾਪਤ ਕੀਤਾ। ਇਹ ਸਬਜ਼ੀਆਂ ਦੀ ਖੇਤੀ ਬਾਰੇ ਸਿੱਖਣ ਦਾ ਇੱਕ ਕੇਂਦਰ ਹੈ, ਜਿੱਥੇ ਕਿਸਾਨਾਂ ਨੂੰ ਉਤਪਾਦਕਤਾ ਅਤੇ ਮੁਨਾਫ਼ਾ ਵਧਾਉਣ ਲਈ ਟਿਕਾਊ ਖੇਤੀ ਤਰੀਕਿਆਂ ਬਾਰੇ ਸਿਖਾਇਆ ਜਾਂਦਾ ਹੈ। ਸੈਂਟਰ ਆਫ ਐਕਸੀਲੈਂਸ ਅਤੇ ਈਡਬਲਿਊ-ਕੇਟੀ ਦੇ ਕਿਸਾਨਾਂ ਦੇ ਕੱਦੂਦੇ ਪ੍ਰਦਰਸ਼ਨੀ ਪਲਾਟਾਂ ਵਿੱਚ ਕਿਸਾਲਾਂ ਨੇ ਵੱਡੇ ਆਕਾਰ ਅਤੇ ਇੱਕੋ ਜਿਹੇ ਆਕਾਰ ਵਾਲੇ ਕੱਦੂਦੇਖੇ। ਜਲਦੀ ਹੀ ਉਹਨਾਂ ਨੂੰ ਸਮਝ ਆ ਗਈ ਕਿ ਕੱਦੂ ਦੀ ਇਸ ਕਿਸਮ ਨੂੰ ਉਹਨਾਂ ਵੱਲੋਂ ਸਿੱਖੀਆਂ ਸੁਧਰੀਆਂ ਖੇਤੀ ਤਕਨੀਕਾਂ ਨਾਲ ਜੋਨ ਕੇ ਉਗਾਉਣ ਨਾਲ ਉਹ ਆਖ਼ਿਰਕਾਰ ਮੰਡੀ ਦੀ ਮੰਗ ਨੂੰ ਪੂਰਾ ਕਰਨ ਦੇ ਯੋਗ ਹੋ ਸਕਦੇ ਹਨ।

ਰੋਗ ਪ੍ਰਤੀਰੋਧੀ ਸਮਰੱਥਾ ਰੱਖਣ ਵਾਲੀ ਕੱਦੂ ਦੀ ਇਸ ਕਿਸਮ ਦੀ ਖੇਤੀ ਕਰਨ ਦਾ ਇੱਕ ਅਰਥ ਇਹ ਵੀ ਸੀ ਕਿ ਹੁਣ ਕਿਸਾਨ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਜਗ੍ਹਾ ਕੀਟ ਨਿਯੰਤ੍ਰਣ ਦੀਆਂ ਨਵੀਆਂ ਸਿੱਖੀਆਂ ਤਕਨੀਕਾਂ ਜਿਵੇਂ ਫੈਰੋਮੋਨ ਟ੍ਰੈਪ ਆਦਿ ਉੱਪਰ ਭਰੋਸਾ ਕਰ ਸਕਦੇ ਹਨ। ਜ਼ਿਆਦਾਤਰ ਕਿਸਾਨ ਆਪਣੇ ਖੇਤਾਂ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਬਿਲਕੁਲ ਨਹੀਂ ਕਰ ਰਹੇ, ਇਸ ਨਾਲ ਕੀਟਨਾਸ਼ਕਾਂ ਦੀ ਵਰਤੋਂ ਵਿੱਚ ਕਮੀ ਆਈ ਅਤੇ ਕਿਸਾਨਾਂ ਦੇ ਪੈਸੇ ਅਤੇ ਸਮੇਂ ਦੀ ਬੱਚਤ ਦੇ ਨਾਲ-ਨਾਲ ਇਹ ਵਾਤਾਵਰਣ ਅਤੇ ਖਪਤਕਾਰਾਂ ਲਈ ਵੀ ਫਾਇਦੇਮੰਦ ਸਾਬਤ ਹੋਇਆ।

ਕਿਉਂਕਿ ਇਸ ਇਲਾਕੇ ਵਿੱਚ ਉਗਾਏ ਜਾਣ ਵਾਲੇ ਜ਼ਿਆਦਾਤਰ ਕੱਦੂਵਪਾਰੀਆਂ ਨੂੰ ਵੇਚੇ ਜਾਂਦੇ ਹਨ ਅਤੇ ਕੋਲਕਾਤਾ, ਪੱਛਮੀ ਬੰਗਾਲ ਭੇਜੇ ਜਾਂਦੇ ਹਨ, ਜੋ ਇੱਥੋਂ ਲਗਭਗ ਚਾਰ ਘੰਟਿਆਂ ਦੀ ਦੂਰੀ 'ਤੇ ਹੈ, ਇਸਲਈ ਕਿਸਾਨਾਂ ਨੇ ਕੱਦੂ ਦੀ ਨਵੀਂ ਕਿਸਮ ਵਿੱਚ ਮੰਡੀ ਦੇ ਪੱਖੋਂ ਵੀ ਕਈ ਫਾਇਦੇ ਦੇਖੇ ਜਿਵੇਂ ਕਿ ਇਹ ਕੱਦੂਲੰਬੇ ਸਮੇਂ ਤੱਕ ਖਰਾਬ ਨਹੀਂ ਹੁੰਦੇ, ਇਹਨਾਂ ਨੂੰ ਲੰਬੀ ਦੂਰੀ ਤੱਕ ਆਸਾਨੀ ਨਾਲ ਢੋਏ ਜਾ ਸਕਦੇ ਹਨ ਅਤੇ ਕਿਉਂਕਿ ਇਹਨਾਂ ਦਾ ਉੱਪਰਲਾ ਅਤੇ ਹੇਠਲਾ ਹਿੱਸਾ ਸਮਤਲ ਹੁੰਦਾ ਹੈ, ਜਿਸ ਕਾਰਨ ਢੋਆ-ਢੁਆਈ ਦੌਰਾਨ ਇਹਨਾਂ ਕੱਦੂਆਂ ਨੂੰ ਇੱਕ-ਦੂਸਰੇ ਦੇ ਉੱਪਰ ਆਸਾਨੀ ਨਾਲ ਰੱਖਿਆ ਜਾ ਸਕਦਾ ਹੈ।

ਅੱਜ ਕਰੰਜੀਆ ਅਤੇ ਇਸਦੇ ਆਸ-ਪਾਸ ਦੇ ਇਲਾਕਿਆਂ ਦੇ ਕਿਸਾਨਾਂ ਨੇ ਉੱਚ ਗੁਣਵੱਤਾ ਵਾਲੇ ਬੀਜ ਅਤੇ ਖੇਤੀ ਦੇ ਨਵੇਂ ਤਰੀਕੇ ਅਪਣਾ ਲਏ ਹਨ। ਉਹਨਾਂ ਨੇ ਕੱਦੂਦੀ ਦੀ ਖੇਤੀ ਨੂੰ ਪਹਿਲਾਂ ਨਾਲੋਂ ਕਿਤੇ ਵੱਧ ਵੱਡੇ ਪੱਧਰ 'ਤੇ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਉਹ ਇਸਦੇ ਲਈ ਹੋਰ ਜ਼ਮੀਨ ਵੀ ਠੇਕੇ 'ਤੇ ਲੈ ਰਹੇ ਹਨ। ਫਸਲ ਦੀ ਕਟਾਈ ਸਮੇਂ ਪੱਛਮੀ ਬੰਗਾਲ ਤੋਂ ਸੈਂਕੜੇ ਟਰੱਕ ਕਿਸਾਨਾਂ ਦੇ ਉੱਚ-ਗੁਣਵੱਤਾ ਵਾਲੇ ਕੱਦੂਖਰੀਦ ਕੇ ਲਿਜਾਣ ਲਈ ਆਉਂਦੇ ਹਨ। ਇਸ ਨਾਲ ਕਿਸਾਨਾਂ ਦਾ ਮੁਨਾਫ਼ਾ ਦੋ ਜਾਂ ਤਿੰਨ ਗੁਣਾ ਤੱਕ ਵਧ ਗਿਆ ਹੈ।

ਈਡਬਲਿਊਐਸ-ਕੇਟੀ ਦੀ ਪਹਿਲ ਨੇ ਨਾ ਸਿਰਫ਼ ਕੱਦੂਦੀ ਮੰਡੀ ਦਾ ਰੂਪ ਬਦਲਿਆ ਹੈ, ਸਗੋਂ ਉੱਚ ਗੁਣਵੱਤਾ ਵਾਲੀ ਖੇਤੀ ਦੇ ਸਾਮਾਨ, ਖਾਸ ਕਰਕੇ ਕੱਦੂਦੇ ਬੀਜਾਂ ਲਈ ਇੱਕ ਨਵੀਂ ਮੰਡੀ ਵੀ ਪੈਦਾ ਕੀਤੀ ਹੈ। ਕਿਸਾਨਾਂ ਨੇ ਘੱਟ ਪੈਦਾਵਾਰ ਵਾਲੀਆਂ ਕੱਦੂਦੀਆਂ ਕਿਸਮਾਂ ਨੂੰ ਛੱਡ ਕੇ ਵੱਧ ਪੈਦਾਵਾਰ ਦੇਣ ਵਾਲੀਆਂ ਕਿਸਮਾਂ ਅਪਣਾਈਆਂ ਹਨ। ਇਹ ਬਦਲਾਅ ਕਿਸਾਨਾਂ, ਖੇਤੀ ਦੇ ਸਾਮਾਨ ਨਾਲ ਜੁੜੇ ਡੀਲਰਾਂ ਅਤੇ ਸਬਜ਼ੀ ਦੀ ਸਪਲਾਈ ਲੜੀ ਨਾਲ ਜੁੜੇ ਲੋਕਾਂ ਲਈ ਵੀ ਵਿਕਾਸ ਦੇ ਨਵੇਂ ਮੌਕੇ ਦੇ ਰਿਹਾ ਹੈ। ਈਡਬਲਿਊਐਸ-ਕੇਟੀ ਦੇ ਕਾਰਜਕਾਰੀ ਨਿਰਦੇਸ਼ਕ

ਸਟੂਅਰਟ ਮੌਰਿਸ ਨੇ ਹਾਲ ਹੀ ਵਿੱਚ ਪੂਰਬੀ ਓਡੀਸ਼ਾ ਦੇ ਕੱਦੂਦੇ ਖੇਤਾਂ ਦਾ ਦੌਰਾ ਕੀਤਾ। ਉਹਨਾਂ ਕਿਹਾ,''ਜਿੱਥੇ ਮੰਡੀ ਅਤੇ ਜ਼ਮੀਨ ਉਪਲਬਧ ਹੋਵੇ, ਉੱਥੇ ਪੋਸ਼ਕ ਤੱਤਾਂ ਨਾਲ ਭਰਪੂਰ ਕੱਦੂ ਇੱਕ ਬਹੁਤ ਹੀ ਲਾਭਦਾਇਕ ਫਸਲ ਸਾਬਤ ਹੋ ਸਕਦਾ ਹੈ।'' ਈਡਬਲਿਊਐਸ-ਕੇਟੀ ਦੇ ਅਫਰੀਕਾ ਵਿੱਚ ਕੱਦੂਦੇ ਪ੍ਰੋਜੈਕਟ ਬਾਰੇ ਜ਼ਿਕਰ ਕਰਦਿਆਂ ਉਹਨਾਂ ਅੱਗੇ ਕਿਹਾ, ''ਈਸਟ-ਵੈਸਟ ਸੀਹਡ ਦੇ ਸੰਸਥਾਪਕ ਅਤੇ ਵਰਲਡ ਫੂਡ ਸਨਮਾਨ ਦੇ ਵਿਜੇਤਾ ਸਾਈਮਨ ਗਰੂਟ ਦਾ ਅਫ਼ਰੀਕਾ ਵਿੱਚ 10 ਲੱਖ ਏਕੜ ਵਿੱਚ ਕੱਦੂ ਦੀ ਖੇਤੀ ਕਰਨ ਦਾ ਸੁਪਨਾ ਹੈ ਅਤੇ ਉਹ ਇਸਦੇ ਲਈ ਓਡੀਸ਼ਾ ਦੇ ਇਹਨਾਂ ਸਾਦੇ ਪਰ ਬਹੁਤ ਹੀ ਫਾਇਦੇ ਵਾਲੇ ਕੱਦੂਦੇ ਖੇਤਾਂ ਤੋਂ ਬਹੁਤ ਪ੍ਰੇਰਨਾ ਲੈ ਸਕਦੇ ਹਨ।''

ਨੋਟ : ਇਹ ਲੇਖ ਮੂਲ ਰੂਪ ਵਿੱਚ ਈਡਬਲਿਊਐੱਸ-ਕੇਟੀ ਦੀ ਵੈੱਬਸਾਈਟ 'ਤੇ ''Odisha, India: A New Hub for Pumpkin Farming'' ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਗਿਆ ਸੀ।

Source : Sustainalbe Vegetable Farming Sep. 2025
LEISA INDIA, Vol.27, No. 3, Sep. P-19-21

ਬਿਹਤਰ ਜੀਵਿਕਾ ਲਈ ਕੱਦੂ ਦੀ ਖੇਤੀ ਵਿੱਚ ਸੁਧਾਰ

ਰਾਏਬਰੀ ਬੇਹੇਰਾ, ਕਰੰਜੀਆ ਬਲਾਕ ਦੇ ਪਿੰਡ ਸਾਰੰਗਾਗੜ੍ਹ ਦੀ ਇੱਕ ਸਬਜ਼ੀਆਂ ਦੀ ਖੇਤੀ ਕਰਨ ਵਾਲੀ ਨੌਜਵਾਨ ਮਹਿਲਾ ਕਿਸਾਨ ਹੈ। ਉਹ ਆਪਣੇ ਪਤੀ ਦੀ ਮੱਦਦ ਨਾਲ ਆਪਣੀ ਜ਼ਮੀਨ 'ਤੇ ਖੇਤੀ ਕਰਦੀ ਹੈ। ਇਸ ਤੋਂ ਇਲਾਵਾ, ਉਹ ਮਾਂ ਤਾਰਿਨੀ ਨਾਮਕ ਮਹਿਲਾ ਸਵੈ-ਸਹਾਇਤਾ ਸਮੂਹ ਦੀ ਮੈਂਬਰ ਵਜੋਂ ਵੀ ਫਸਲ ਉਗਾਉਂਦੀ ਹੈ।

ਜੁਲਾਈ 2023 ਵਿੱਚ, ਰਾਏਬਰੀ ਨੇ 800 ਵਰਗ ਮੀਟਰ ਦੇ ਇੱਕ ਪ੍ਰਦਰਸ਼ਨੀ ਪਲਾਟ ਵਿੱਚ ਕੱਦੂਦੀ ਖੇਤੀ ਕੀਤੀ। ਇਸ ਦੌਰਾਨ ਈਡਬਲਿਊਐਸ-ਕੇਟੀ ਫਾਊਂਡੇਸ਼ਨ ਦੇ ਤਕਨੀਕੀ ਫੀਲਡ ਅਫਸਰ ਸਾਨੂੰ ਕੁਮਾਰ ਬੇਹੇਰਾ ਨੇ ਉਸਨੂੰ ਪੂਰਾ ਮਾਰਗਦਰਸ਼ਨ ਦਿੱਤਾ। ਇਸ ਤਜ਼ਰਬੇ ਰਾਹੀਂ ਉਸਨੇ ਖੇਤੀ ਦੀਆਂ ਨਵੀਂਆਂ ਤਕਨੀਕਾਂ ਬਾਰੇ ਸਿੱਖਿਆ ਜਿਵੇਂਕਿ ਬੈੱਡ ਬਣਾਉਣੇ, ਵਧੀਆ ਗੁਣਵੱਤਾ ਵਾਲੇ ਬੀਜ ਅਤੇ ਏਕੀਕ੍ਰਿਤ ਕੀਟ ਪ੍ਰਬੰਧਨ। ਏਕੀਕ੍ਰਿਤ ਕੀਟ ਪ੍ਰਬੰਧਨ ਵਿੱਚ ਕੀਟਾਂ ਦੀ ਰੋਕਥਾਮ ਨੂੰ ਤਰਜੀਹ ਦਿੱਤੀ ਜਾਂਦੀ ਹੈ ਅਤੇ ਕੁਦਰਤੀ ਤਰੀਕਿਆਂ ਰਾਹੀਂ ਕੀਟਾਂ ਦਾ ਨਿਯੰਤ੍ਰਣ ਕੀਤਾ ਜਾਂਦਾ ਹੈ। ਇਹਨਾਂ ਤਰੀਕਿਆਂ ਨੂੰ ਅਪਣਾਉਣ ਨਾਲ ਉਸਨੂੰ ਕਾਫ਼ੀ ਵੱਧ ਉਪਜ ਪ੍ਰਾਪਤ ਹੋਈ ਅਤੇ 286% ਦਾ ਸ਼ਾਨਦਾਰ ਨਿਵੇਸ਼ 'ਤੇ ਮੁਨਾਫ਼ਾ ਪ੍ਰਾਪਤ ਹੋਇਆ। ਰਾਏਬਰੀ ਮਾਨ ਨਾਲ ਦੱਸਦੀ ਹੈ, ''ਮੈਂ ਹਮੇਸ਼ਾ ਵਿਸ਼ਵਾਸ ਕੀਤਾ ਖੇਤੀ ਦੇ ਸਹੀ ਤਰੀਕਿਆਂ ਨੂੰ ਵਰਤਣ ਨਾਲ ਬਹੁਤ ਵੱਡਾ ਫ਼ਰਕ ਪੈ ਸਕਦਾ ਹੈ। ਖੇਤੀ ਦੀਆਂ ਨਵੀਂਆਂ ਤਕਨੀਕਾਂ ਅਪਣਾਉਣ ਤੋਂ ਬਾਅਦ ਮੇਰੀ ਉਤਪਾਦਨ ਲਾਗਤ ਵਿੱਚ ਕਾਫ਼ੀ ਕਮੀ ਆਈ ਹੈ ਅਤੇ ਇਸਦੇ ਨਾਲ ਹੀ ਮੇਰੀ ਫ਼ਸਲ ਦੀ ਗੁਣਵੱਤਾ ਵਿੱਚ ਵੀ ਸੁਧਾਰ ਆਇਆ ਹੈ।''

ਰਾਏਬਰੀ ਕੋਲ 2 ਏਕੜ ਜ਼ਮੀਨ ਹੈ, ਜਿੱਥੇ ਉਹ ਟਮਾਟਰ, ਮਿਰਚ, ਫੁੱਲਗੋਭੀ ਅਤੇ ਕਰੇਲੇ ਵਰਗੀਆਂ ਸਬਜ਼ੀਆਂ ਉਗਾਉਂਦੀ ਹੈ। ਹਾਲਾਂਕਿ, ਕੱਦੂਦੇ ਆਪਣੇ ਪ੍ਰਦਰਸ਼ਨੀ ਪਲਾਟ ਵਿੱਚ ਮਿਲੇ ਸਫਲ ਨਤੀਜਿਆਂ ਨੂੰ ਦੇਖਣ ਤੋਂ ਬਾਅਦ, ਉਸਨੇ ਹਾਲ ਹੀ ਦੇ ਖਰੀਫ਼ ਸੀਜ਼ਨ (ਜੁਲਾਈ ਤੋਂ ਅਕਤੂਬਰ 2024) ਦੌਰਾਨ ਵੱਡੇ ਪੱਧਰ 'ਤੇ ਕੱਦੂਦੀ ਖੇਤੀ ਕਰਨ ਦਾ ਫੈਸਲਾ ਕੀਤਾ। ਉਸਨੇ 30 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਕੱਦੂਦੀ ਖੇਤੀ ਕੀਤੀ। ਇਸ ਦੌਰਾਨ ਉਸਨੇ 5,481 ਟਨ ਕੱਦੂਦੀ ਪੈਦਾਵਾਰ ਕੀਤੀ ਅਤੇ 7,38,000 ਰੁਪਏ (8800 ਅਮਰੀਕੀ ਡਾਲਰ) ਦੇ ਨਿਵੇਸ਼ ਤੋਂ 18,19,800 ਰੁਪਏ (21,700 ਅਮਰੀਕੀ ਡਾਲਰ) ਦਾ ਸ਼ਾਨਦਾਰ ਸ਼ੁੱਧ ਮੁਨਾਫ਼ਾ ਕਮਾਇਆ।

ਆਪਣੀ ਜ਼ਮੀਨ 'ਤੇ ਖੇਤੀ ਕਰਨ ਤੋਂ ਇਲਾਵਾ, ਰਾਏਬਰੀ ਨੇ ਮਾਂ ਤਾਰਿਨੀ ਸਵੈ-ਸਹਾਇਤਾ ਸਮੂਹ ਨਾਲ ਮਿਲ ਕੇ ਸਾਂਝੇ ਤੌਰ 'ਤੇ ਕੱਦੂਦੀ ਖੇਤੀ ਦਾ ਉਪਰਾਲਾ ਵੀ ਸ਼ੁਰੂਕੀਤਾ। ਸਵੈ-ਸਹਾਇਤਾ ਸਮੂਹ ਦੀਆਂ ਮਹਿਲਾਵਾਂ ਨੇ ਰਾਏਬਰੀ ਦੇ ਕੱਦੂ ਵਾਲੇ ਪ੍ਰਦਰਸ਼ਨੀ ਪਲਾਟ ਵਿੱਚ ਈਡਬਲਿਊਐਸ-ਕੇਟੀ ਵੱਲੋਂ ਕਰਵਾਏ ਗਏ ਸਿਖਲਾਈ ਸੈਸ਼ਨਾਂ ਵਿੱਚ ਹਿੱਸਾ ਲਿਆ। ਇਹਨਾਂ ਵਿੱਚੋਂ ਕੁੱਝ ਮਹਿਲਾਵਾਂ ਨੇ ਆਪਣੀਆਂ ਖੇਤੀ ਵਿਧੀਆਂ ਨੂੰ ਬਿਹਤਰ ਬਣਾਉਣ ਅਤੇ ਆਪਣੀ ਜੀਵਿਕਾ ਵਿੱਚ ਸੁਧਾਰ ਲਿਆਉਣ ਲਈ ਕੱਦੂਦੀ ਖੇਤੀ ਕਰਨ ਵਿੱਚ ਦਿਲਚਸਪੀ ਦਿਖਾਈ।

ਕੱਦੂਦੀ ਫ਼ਸਲ ਮਹਿਲਾ ਕਿਸਾਨਾਂ ਨੂੰ ਖਾਸ ਤੌਰ 'ਤੇ ਪਸੰਦ ਆਉਂਦੀ ਹੈ ਕਿਉਂਕਿ ਇਸ ਵਿੱਚ ਨਿਵੇਸ਼ ਦੀ ਲਾਗਤ ਬਾਕੀ ਦੇ ਮੁਕਾਬਲੇ ਘੱਟ ਆਉਂਦੀ ਹੈ ਅਤੇ ਇਸਦੀ ਦੇਖਭਾਲ ਲਈ ਵੀ ਘੱਟ ਮਿਹਨਤ ਦੀ ਲੋੜ ਪੈਂਦੀ ਹੈ। ਅਗਸਤ 2024 ਵਿੱਚ, ਰਾਏਬਰੀ ਅਤੇ ਸਵੈ-ਸਹਾਇਤਾ ਸਮੂਹ ਦੀਆਂ ਚਾਰ ਹੋਰ ਮੈਂਬਰਾਂ ਨੇ ਕੱਦੂਦੀ ਖੇਤੀ ਲਈ 30 ਏਕੜ ਜ਼ਮੀਨ ਠੇਕੇ 'ਤੇ ਲਈ। ਉਹਨਾਂ ਨੇ ਰੋਗ-ਪ੍ਰਤੀਰੋਧੀ ਕਿਸਮਾਂ ਦੀ ਚੋਣ ਕੀਤੀ ਅਤੇ ਖੇਤੀ ਦੀਆਂ ਨਵੀਆਂ ਤਕਨੀਕਾਂ ਨੂੰ ਅਪਣਾਇਆ। ਬਹੁਤ ਸਾਰੀਆਂ ਮਹਿਲਾਵਾਂ ਲਈ ਖੇਤੀ 'ਤੇ ਆਉਣ ਵਾਲੀ ਲਾਗਤ ਇੱਕ ਵੱਡੀ ਚੁਣੌਤੀ ਹੈ। ਸਮੂਹ ਵਿੱਚ ਮਿਲ ਕੇ ਖੇਤੀ ਕਰਨ ਨਾਲ ਉਹਨਾਂ ਦੀ ਵਿੱਤੀ ਸਰੋਤਾਂ ਤੱਕ ਪਹੁੰਚ ਵਧਦੀ ਹੈ ਅਤੇ ਪੈਸੇ ਦੀ ਚੁਣੌਤੀ ਨੂੰ ਹੱਲ ਕਰਨ ਵਿੱਚ ਮੱਦਦ ਮਿਲਦੀ ਹੈ। ਆਪਣੇ ਕੱਦੂਦੇ ਖੇਤ ਲਈ ਪੈਸੇ ਇਕੱਠੇ ਕਰਨ ਲਈ ਮਹਿਲਾਵਾਂ ਨੇ ਸਵੈ-ਸਹਾਇਤਾ ਸਮੂਹਾਂ ਤੋਂ ਕਰਜ਼ ਲਿਆ, ਸਰਕਾਰੀ ਪ੍ਰੋਗਰਾਮ ਰਾਹੀਂ ਬੈਂਕ ਤੋਂ ਕਰਜ਼ਾ ਪ੍ਰਾਪਤ ਕੀਤਾ ਅਤੇ ਆਪਣੇ ਖੁਦ ਦੇ ਪੈਸੇ ਵੀ ਇਕੱਠੇ ਕੀਤੇ ਅਤੇ ਇਸ ਤਰ੍ਹਾਂ ਉਹਨਾਂ ਨੇ ਕੁੱਲ 7,38,000 ਰੁਪਏ (8800 ਅਮਰੀਕੀ ਡਾਲਰ) ਦਾ ਨਿਵੇਸ਼ ਕੀਤਾ। ਇਹ ਇੱਕ ਫਾਇਦੇਮੰਦ ਨਿਵੇਸ਼ ਸਾਬਤ ਹੋਇਆ। ਉਹਨਾਂ ਦੇ ਸਾਂਝੇ ਕੱਦੂਦੇ ਖੇਤ ਤੋਂ 17,50,000 ਰੁਪਏ (20,800 ਅਮਰੀਕੀ ਡਾਲਰ) ਦਾ ਸ਼ੁੱਧ ਮੁਨਾਫ਼ਾ ਹੋਇਆ, ਜਿਸ ਨੂੰ ਉਹਨਾਂ ਨੇ ਆਪਸ ਵਿੱਚ ਬਰਾਬਰ ਵੰਡ ਲਿਆ। ਹਿਸ ਮੁਨਾਫ਼ੇ ਨਾਲ ਰਾਏਬਰੀ ਅਤੇ ਉਸਦੇ ਸਮੂਹ ਦੀਆਂ ਮਹਿਲਾਵਾਂ ਆਪਣੇ ਬੱਚਿਆਂ ਦੀ ਸਿੱਖਿਆ ਉੱਪਰ ਖ਼ਰਚ ਕਰ ਰਹੀਆਂ ਹਨ ਅਤੇ ਆਪਣੀ ਖੇਤੀ ਵਿੱਚ ਵੀ ਮੁੜ ਨਿਵੇਸ਼ ਕਰ ਰਹੀਆਂ ਹਨ। ਇਸ ਵਿੱਚ ਅਗਲੇ ਸੀਜ਼ਨ ਦੀ ਫ਼ਸਲ ਲਈ ਲੋੜੀਂਦੀ ਸਮੱਗਰੀ ਅਤੇ ਮਜ਼ਦੂਰੀ ਦਾ ਖਰਚਾ ਵੀ ਸ਼ਾਮਲ ਸੀ। ਕੱਦੂਦੀ ਫ਼ਸਲ ਖਰੀਫ਼ ਸੀਜ਼ਨ ਲਈ ਵਧੇਰੇ ਢੁੱਕਵੀਂ ਹੈ, ਇਸਲਈ ਰਬੀ ਸੀਜ਼ਨ (ਨਵੰਬਰ ਤੋਂ ਅਪ੍ਰੈਲ) ਦੌਰਾਨ ਰਾਏਬਰੀ ਤਰਬੂਜ਼ ਦੀ ਖੇਤੀ ਕਰਨ ਦੀ ਯੋਜਨਾ ਬਣਾ ਰਹੀ ਹੈ। ਉਹ ਆਪਣੇ ਪਤੀ ਨਾਲ ਮਿਲ ਕੇ ਠੇਕੇ 'ਤੇ ਲਈ ਗਈ 8 ਏਕੜ ਜ਼ਮੀਨ ਵਿੱਚ ਤਰਬੂਜ਼ ਦੀ ਖੇਤੀਕ ਰੇਗੀ ਅਤੇ ਸਵੈ-ਸਹਾਇਤਾ ਸਮੂਹ ਦੇ ਨਾਲ ਮਿਲ ਕੇ 10 ਏਕੜ ਜ਼ਮੀਨ ਵਿੱਚ ਵੀ ਤਰਬੂਜ਼ ਉਗਾਏਗੀ। ਰਾਏਬਰੀ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਹੀ ਸਹਾਇਤਾ ਅਤੇ ਜਾਣਕਾਰੀ ਮਿਲਣ ਨਾਲ ਮਹਿਲਾਵਾਂ ਖੇਤੀਬਾੜੀ ਦੀਆਂ ਨਵੀਆਂ ਤਕਨੀਕਾਂ ਨੂੰ ਅਪਣਾਉਣ ਵਿੱਚ ਅਗਵਾਈ ਕਰ ਸਕਦੀਆਂ ਹਨ।

ਸਰੋਤ: https://www.ews-kt.com/improved-pumpkin-farming-for better-livelihoods/ ort and knowledge, women can lead the way in farming innovation.

ਕਿਸਾਨ ਡਾਇਰੀ

ਸਫਲ ਖੇਤੀ ਲਈ ਖੇਤ ਦੀ ਵਿਭਿੰਨਤਾ

ਬਸਨਾਗੌੜਾ ਰਾਯਨਾਗੌੜਾ ਪਾਟਿਲ, ਗਦਗ ਤਾਲੁਕ ਦੇ ਪਾਪਨਾਸ਼ੀ ਪਿੰਡ ਦੇ ਇੱਕ ਅਗਾਂਹਵਧੂਕਿਸਾਨ ਹਨ। ਉਹ 77 ਸਾਲ ਦੇ ਹਨ। ਇਸ ਉਮਰ ਵਿੱਚ ਵੀ ਉਹ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਖੇਤੀ ਕਰਦੇ ਹਨ ਅਤੇ ਖੇਤੀ ਨੂੰ ਬੜੇ ਜਜ਼ਬੇ ਨਾਲ ਅਪਣਾਉਂਦੇ ਹੋਏ ਸਿਹਤਮੰਦ ਜੀਵਨ ਬਤੀਤ ਕਰ ਰਹੇ ਹਨ।

ਬੀ.ਏ. ਦੀ ਪੜ੍ਹਾਈ ਦੌਰਾਨ ਉਨ੍ਹਾਂ ਨੇ ਖੇਤੀ ਨੂੰ ਆਪਣਾ ਜੀਵਨ-ਜੀਵਿਕਾ ਦਾ ਸਾਧਨ ਬਣਾਉਣ ਦਾ ਫ਼ੈਸਲਾ ਕੀਤਾ। ਉਹ ਮਾਂ ਧਰਤੀ ਨਾਲ ਜੁੜ ਕੇ ਸੰਤੁਸ਼ਟੀ ਅਤੇ ਸਨਮਾਨ ਭਰਿਆ ਜੀਵਨ ਜੀਣਾ ਚਾਹੁੰਦੇ ਸਨ। ਉਨ੍ਹਾਂ ਨੇ ਬੀ।ਏ। ਦੀ ਪੜ੍ਹਾਈ ਅੱਧ ਵਿਚਕਾਰ ਹੀ ਛੱਡ ਦਿੱਤੀ ਅਤੇ ਆਪਣੇ ਪਿਤਾ ਨਾਲ ਖੇਤੀ ਸ਼ੁਰੂਕਰ ਦਿੱਤੀ। ਉਨ੍ਹਾਂ ਦਾ ਪੱਕਾ ਇਰਾਦਾ ਇੱਕ ਮਿਸਾਲੀ ਅਤੇ ਅਗਾਂਹਵਧੂ ਕਿਸਾਨ ਬਣਨ ਦਾ ਸੀ। 21 ਸਾਲ ਦੀ ਉਮਰ ਤੋਂ ਹੀ ਉਹ ਖੇਤੀਬਾੜੀ, ਬਾਗਬਾਨੀ ਅਤੇ ਜੰਗਲਾਤ ਨਾਲ ਲਗਾਤਾਰ ਜੁੜੇ ਹੋਏ ਹਨ। ਪਿਛਲੇ 55 ਸਾਲਾਂ ਤੋਂ ਖੇਤੀ ਕਰਦਿਆਂ ਉਨ੍ਹਾਂ ਨੇ ਫ਼ਸਲ ਪ੍ਰਬੰਧਨ ਦਾ ਬੇਹੱਦ ਵਿਸ਼ਾਲ ਤਜਰਬਾ ਹਾਸਲ ਕੀਤਾ ਹੈ। ਉਨ੍ਹਾਂ ਦਾ ਛੋਟਾ ਪੁੱਤਰ ਪ੍ਰਵੀਣਾਗੌੜਾ ਪਾਟਿਲ ਬਾਗਬਾਨੀ ਵਾਲੀਆਂ ਫ਼ਸਲਾਂ ਦੇ ਪ੍ਰਬੰਧਨ ਵਿੱਚ ਉਨ੍ਹਾਂ ਦੀ ਮਦਦ ਕਰਦਾ ਹੈ।

ਬਸਨਾਗੌੜਾ 40 ਏਕੜ ਜ਼ਮੀਨ ਦੇ ਮਾਲਕ ਹਨ। ਉਨ੍ਹਾਂ ਦੇ ਖੇਤ ਵਿੱਚ ਖੇਤੀਬਾੜੀ, ਬਾਗਬਾਨੀ ਅਤੇ ਜੰਗਲਾਤ ਨਾਲ ਸਬੰਧਤ ਲਗਭਗ 80 ਕਿਸਮਾਂ ਦੀਆਂ ਫ਼ਸਲਾਂ ਅਤੇ ਬੂਟੇ ਹਨ। ਮੌਸਮੀ ਫ਼ਸਲਾਂ ਵਿੱਚ ਗੰਨਾ, ਕਣਕ, ਜਵਾਰ, ਛੋਲੇ, ਮੇਥੀ, ਮੂੰਗਫਲੀ ਅਤੇ ਲੋਬੀਆ ਆਦਿ ਉਗਾਏ ਜਾਂਦੇ ਹਨ। ਵਿਗਿਆਨੀਆਂ ਨਾਲ ਵਿਚਾਰ੍ਵਟਾਂਦਰੇ ਦੇ ਆਧਾਰ ਤੇ ਉਹ ਦਾਲਾਂ ਵਾਲੀਆਂ ਫ਼ਸਲਾਂ ਦੀ ਕਾਸ਼ਤ ਕਰਨ ਵਿੱਚ ਵੀ ਖਾਸ ਦਿਲਚਸਪੀ ਰੱਖਦੇ ਹਨ। ਖੇਤ ਵਿੱਚ ਗੁਲਾਬ, ਚਮੇਲੀ ਅਤੇ ਐਸਟਰ ਵਰਗੀਆਂ ਫੁੱਲਾਂ ਦੀਆਂ ਫ਼ਸਲਾਂ ਵੀ ਹਨ। ਚੁਕੰਦਰ, ਬੰਦ ਗੋਭੀ, ਫੁੱਲ ਗੋਭੀ, ਗੋਲਡਨ ਟਿਊਬਰ, ਬੈਂਗਣ ਅਤੇ ਟਮਾਟਰ ਵਰਗੀਆਂ ਸਬਜ਼ੀਆਂ ਵੀ ਅੱਧੇ੍ਅੱਧੇ ਏਕੜ ਵਿੱਚ ਉਗਾਈਆਂ ਜਾਂਦੀਆਂ ਹਨ। ਤਿੰਨ ਸਾਲ ਪਹਿਲਾਂ ਇੱਕ ਨਵੇਂ ਪ੍ਰਯੋਗ ਵਜੋਂ ਉਹ ਬਨਵਾਸੀ ਤੋਂ 400 ਸੁਪਾਰੀ ਦੇ ਪੌਦੇ ਲੈ ਕੇ ਆਏ ਅਤੇ ਉਨ੍ਹਾਂ ਨੂੰ ਇੱਕ ਏਕੜ ਵਿੱਚ ਲਗਾਇਆ। ਇਹ ਫ਼ਸਲ ਚੰਗੀ ਤਰ੍ਹਾਂ ਵਧ ਰਹੀ ਹੈ। ਉਨ੍ਹਾਂ ਕੋਲ ਦੋ ਏਕੜ ਵਿੱਚ ਗੁਲਦਾਉਦੀ, ਇੱਕ ਏਕੜ ਵਿੱਚ ਕੇਲੇ ਅਤੇ ਅੱਧੇ ਏਕੜ ਵਿੱਚ ਕਰੀ ਪੱਤੇ ਦੀ ਕਾਸ਼ਤ ਹੈ। ਖੇਤ ਵਿੱਚ

ਇਮਲੀ, ਨਾਰੀਅਲ, ਸੀਤਾਫਲ, ਰਾਮਫਲ, ਸਿੰਘਾੜਾ, ਅਮਰੂਦ ਅਤੇ ਨਿੰਬੂ ਦੇ ਦਰੱਖਤ ਵੀ ਹਨ। ਜੰਗਲੀ ਪੌਦਿਆਂ ਵਿੱਚ ਜੈਟਰੋਫਾ, ਨਿੰਮ, ਬਾਂਸ, ਹੋਂਗੇ, ਸਾਗਵਾਨ ਅਤੇ ਚੰਦਨ ਆਦਿ ਸ਼ਾਮਲ ਹਨ। ਉਨ੍ਹਾਂ ਦੇ ਬਾਗ ਵਿੱਚ ਐਲੋਵੇਰਾ, ਜਾਪਾਨੀ ਪੁਦੀਨਾ, ਤੁਲਸੀ ਅਤੇ ਅਮ੍ਰਿਤਬੱਲੀ ਵਰਗੇ ਔਸ਼ਧੀ ਪੌਦੇ ਵੀ ਹਨ। ਇਨ੍ਹਾਂ ਤੋਂ ਤਿਆਰ ਕੀਤੇ ਘਰੇਲੂਨੁਸਖੇ ਲੋੜਵੰਦ ਗੁਆਂਢੀਆਂ ਨੂੰ ਮੁਫ਼ਤ ਦਿੱਤੇ ਜਾਂਦੇ ਹਨ।

ਖੇਤ ਦੇ ਪ੍ਰਬੰਧਨ ਲਈ ਟਰੈਕਟਰ, ਸੀਡ ਡ੍ਰਿਲ, ਹਲ, ਰੋਟਾਵੇਟਰ, ਹੈਰੋ, ਸਪੈਸ਼ਲ ਹੈਰੋ, ਰੇਨ ਗਨ, ਸਪ੍ਰਿੰਕਲਰ ਸਿੰਚਾਈ ਯੂਨਿਟ, ਡ੍ਰਿਪ ਸਿੰਚਾਈ ਯੂਨਿਟ ਆਦਿ ਉਪਕਰਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਗੌੜਾ ਦੇ ਬਾਗ ਵਿੱਚ ਇੱਕ ਖੁੱਲ੍ਹਾ ਖੂਹ ਵੀ ਹੈ। ਮੀਂਹ ਦੇ ਮੌਸਮ ਦੌਰਾਨ ਪਾਣੀ ਦੀ ਬਰਬਾਦੀ ਤੋਂ ਬਚਾਉਂਦੇ ਹੋਏ ਇਸ ਨੂੰ ਵਿਗਿਆਨਕ ਢੰਗ ਨਾਲ ਰੀਚਾਰਜ ਕੀਤਾ ਜਾਂਦਾ ਹੈ, ਜਿਸ ਨਾਲ ਟਿਊਬਵੈੱਲਾਂ ਦੇ ਪਾਣੀ ਦੇ ਪੱਧਰ ਨੂੰ ਵਧੀਆ ਰੀਚਾਰਜ ਮਿਲਦਾ ਹੈ। ਮਿੱਟੀ ਅਤੇ ਪਾਣੀ ਦੀ ਸੰਭਾਲ ਲਈ ਉਨ੍ਹਾਂ ਨੇ ਖੇਤ ਵਿੱਚ ਮੇਡ਼ਬੰਦੀ ਵਰਗੀਆਂ ਤਕਨੀਕਾਂ ਅਪਣਾਈਆਂ ਹਨ ਅਤੇ ਮੇਡ਼ਾਂ ਤੇ ਚਾਰੇ ਵਾਲੀ ਘਾਹ ਵੀ ਲਗਾਈ ਹੈ। ਅੱਠ ਸਾਲ ਪਹਿਲਾਂ ਉਨ੍ਹਾਂ ਨੇ ਖੇਤੀਬਾੜੀ ਵਿਭਾਗ ਦੀ ''ਕ੍ਰਿਸ਼ੀ ਭਾਗਿਆ ਯੋਜਨਾ'' ਦੀ ਸਹਾਇਤਾ ਨਾਲ ਲੱਕੁੰਡੀ ਸਥਿਤ ਆਪਣੇ ਬਾਗ ਵਿੱਚ 21 ਮੀਟਰ ਚੌੜਾ ਖੇਤ ਤਲਾਬ ਬਣਾਇਆ।

ਇੱਕ ਮਿਸਾਲੀ ਵਿਭਿੰਨ ਖੇਤ ਨੂੰ ਸੰਭਾਲਣ ਦੇ ਨਾਲ਼ਨਾਲ ਉਹ ਹੋਰਨਾਂ ਨੂੰ ਸਿਖਾਉਣ ਅਤੇ ਉਤਸ਼ਾਹਿਤ ਕਰਨ ਲਈ ਵੀ ਹਮੇਸ਼ਾ ਤਿਆਰ ਰਹਿੰਦੇ ਹਨ। ਉਹ ਲੋਕਾਂ ਨੂੰ ਆਤਮਨਿਰਭਰ ਅਤੇ ਅਗਾਂਹਵਧੂ ਬਣਨ ਲਈ ਪ੍ਰੇਰਿਤ ਕਰਦੇ ਹਨ। ਇਸ ਤਰ੍ਹਾਂ ਉਹ ਸਫਲ ਖੇਤੀ ਕਰਨ ਦੀ ਇੱਛਾ ਰੱਖਣ ਵਾਲੇ ਕਿਸਾਨਾਂ ਲਈ ਸੱਚਮੁੱਚ ਇੱਕ ਪ੍ਰੇਰਣਾਦਾਇਕ ਮਿਸਾਲ ਹਨ।

ਗੌੜਾ ਦੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ, ਉਨ੍ਹਾਂ ਨੂੰ ਖੇਤੀਬਾੜੀ ਵਿਭਾਗ ਵੱਲੋਂ ਸਾਲ ''202324 ਲਈ ਜ਼ਿਲ੍ਹਾ ਪੱਧਰੀ ਸਰਵੋਤਮ ਕਿਸਾਨ ਪੁਰਸਕਾਰ'' ਨਾਲ ਸਨਮਾਨਿਤ ਕੀਤਾ ਗਿਆ ਹੈ।

ਉਨ੍ਹਾਂ ਨੇ ਚੀਨ, ਦਿੱਲੀ, ਮਹਾਰਾਸ਼ਟਰ, ਹਰਿਆਣਾ, ਰਾਜਸਥਾਨ, ਕੇਰਲ ਅਤੇ ਤਾਮਿਲਨਾਡੂਸਮੇਤ ਕਈ ਥਾਵਾਂ ਦਾ ਦੌਰਾ ਕੀਤਾ ਹੈ। ਉੱਥੋਂ ਦੇ ਕਿਸਾਨਾਂ ਨਾਲ ਵਿਚਾਰ੍ਵਟਾਂਦਰਾ ਕਰਕੇ ਉਨ੍ਹਾਂ ਨੇ ਆਪਣੇ ਖੇਤ ਵਿੱਚ ਕਈ ਤਰ੍ਹਾਂ ਦੀਆਂ ਤਕਨੀਕਾਂ ਅਪਣਾਈਆਂ ਹਨ। ਖੇਤੀਬਾੜੀ ਵਿਭਾਗ ਨਾਲ ਲਗਾਤਾਰ ਸੰਪਰਕ ਅਤੇ ਵੱਖ੍ਵੱਖ ਥਾਵਾਂ ਦੇ ਦੌਰਿਆਂ ਰਾਹੀਂ ਉਨ੍ਹਾਂ ਨੇ ਆਪਣੇ ਇੱਕੋ ਖੇਤ ਵਿੱਚ ਲਗਭਗ 80 ਕਿਸਮਾਂ ਦੇ ਪੌਦੇ ਅਤੇ ਦਰੱਖਤਾਂ ਨੂੰ ਸੰਭਾਲ ਕੇ ਰੱਖਿਆ ਹੈ।

ਕੁੱਲ ਮਿਲਾ ਕੇ, ਬਸਨਾਗੌੜਾ ਹਮੇਸ਼ਾ ਕੁਝ ਨਵਾਂ ਕਰਨ ਲਈ ਉਤਸੁਕ ਰਹਿੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਖੇਤੀ ਨੇ ਉਨ੍ਹਾਂ ਨੂੰ ਆਤਮਨਿਰਭਰ ਬਣਾਇਆ ਹੈ ਅਤੇ ਆਰਥਿਕ ਤੌਰ ਤੇ ਵੀ ਉਨ੍ਹਾਂ ਨੂੰ ਬਹੁਤ ਸੰਤੁਸ਼ਟੀ ਮਿਲੀ ਹੈ। ਉਹ ਮੰਨਦੇ ਹਨ ਕਿ ਨੌਜਵਾਨ ਕਿਸਾਨਾਂ ਨੂੰ ਖੇਤੀ ਨੂੰ ਸਫਲ ਬਣਾਉਣ ਲਈ 'ਏਕੀਕ੍ਰਿਤ ਖੇਤੀ' ਅਪਣਾਉਣ ਤੋਂ ਝਿਜਕਣਾ ਨਹੀਂ ਚਾਹੀਦਾ। ਉਨ੍ਹਾਂ ਦੇ ਅਨੁਸਾਰ, ਖੇਤ ਅਤੇ ਪਰਿਵਾਰ ਦੇ ਸਾਰੇ ਖਰਚੇ ਕੱਢਣ ਤੋਂ ਬਾਅਦ ਲਗਭਗ ''ਚਾਰ ਤੋਂ ਛੇ ਲੱਖ ਰੁਪਏ ਦੀ ਸਾਲਾਨਾ ਸ਼ੁੱਧ ਆਮਦਨ'' ਹੁੰਦੀ ਹੈ। ਖੇਤ ਵਿੱਚ ਹੀ ਸਥਿਤ ਉਨ੍ਹਾਂ ਦਾ ਘਰ ਉਨ੍ਹਾਂ ਸਾਰੇ ਨੌਜਵਾਨ ਕਿਸਾਨਾਂ ਦਾ ਸਵਾਗਤ ਕਰਦਾ ਹੈ ਜੋ ਉਨ੍ਹਾਂ ਤੋਂ ਕੁਝ ਨਵਾਂ ਸਿੱਖਣਾ ਚਾਹੁੰਦੇ ਹਨ।

ਬਸਨਾਗੌੜਾ ਨਾਲ ਉਨ੍ਹਾਂ ਦੇ ਮੋਬਾਈਲ ਨੰਬਰ 9845876143 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨੋਟ: ਇਹ ਲੇਖ ਗਦਗ ਦੀ ਪੱਤਰਕਾਰ ਸ਼੍ਰੀਮਤੀ ਹੇਮਾ ਮੋਰਾਬਾ ਵੱਲੋਂ ਤਿਆਰ ਕੀਤਾ ਗਿਆ ਹੈ। ਉਨ੍ਹਾਂ ਨਾਲ 9844615364 'ਤੇ ਸੰਪਰਕ ਕੀਤਾ ਜਾ ਸਕਦਾ ਹੈ।'

Source : Sustainalbe Vegetable Farming Sep. 2025
LEISA INDIA, Vol.27, No. 3, Sep. P-31

ਘਰੇਲੂ ਬਗੀਚੀ: ਪਰਿਵਾਰ ਦੀ ਪੋਸ਼ਣ ਸੁਰੱਖਿਆ ਅਤੇ ਵਾਧੂ ਆਮਦਨ ਦਾ ਸਰੋਤ

ਏਐੱਮਈ ਫਾਊਂਡੇਸ਼ਨ

ਬਰਸਾਤ 'ਤੇ ਨਿਰਭਰ ਖੇਤੀ ਕਰਨ ਵਾਲੇ ਕਿਸਾਨਾਂ ਦੀ ਆਮਦਨ ਮੌਸਮ ਦੀ ਮਾਰ ਕਾਰਨ ਅਕਸਰ ਅਸਥਿਰ ਰਹਿੰਦੀ ਹੈ। ਅਜਿਹੇ ਹਾਲਾਤਾਂ ਵਿੱਚ ਖੇਤੀ ਨਾਲ ਜੁੜੇ ਹੋਰ ਛੋਟੇ-ਛੋਟੇ ਉਪਰਾਲੇ ਕਿਸਾਨਾਂ ਲਈ ਵੱਡਾ ਸਹਾਰਾ ਬਣਦੇ ਹਨ। ਘਰੇਲੂਬਗੀਚੀ ਵੀ ਅਜਿਹਾ ਹੀ ਇੱਕ ਉਪਰਾਲਾ ਹੈ, ਜੋ ਪਰਿਵਾਰ ਨੂੰ ਤਾਜ਼ਾ ਅਤੇ ਪੌਸ਼ਟਿਕ ਭੋਜਨ, ਵਾਧੂਆਮਦਨ ਅਤੇ ਪੋਸ਼ਣ ਸੁਰੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਔਰਤਾਂ ਨੂੰ ਆਤਮਨਿਰਭਰ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ।

ਕਰਨਾਟਕ ਦੇ ਧਾਰਵਾੜ ਜ਼ਿਲ੍ਹੇ ਦੇ ਹੁਬਲੀ ਤਹਿਸੀਲ ਵਿੱਚ ਸਥਿਤ ਹੰਨਾਪੁਰ ਅਤੇ ਚੌਰਾਗੁੱਡਾ ਪਿੰਡਾਂ ਵਿੱਚ ਜ਼ਿਆਦਾਤਰ ਕਿਸਾਨ ਛੋਟੇ ਖੇਤ ਵਾਲੇ ਹਨ। ਉਹ ਬਰਸਾਤ ਤੇ ਨਿਰਭਰ ਖੇਤੀ ਕਰਦੇ ਹਨ। ਮਿੱਟੀ ਦੀ ਉਪਜਾਊ ਸ਼ਕਤੀ ਘਟਣ ਅਤੇ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਖੇਤੀ ਦੀ ਲਾਗਤ ਲਗਾਤਾਰ ਵਧ ਰਹੀ ਹੈ। ਇਸ ਨਾਲ ਬਾਹਰੀ ਸਾਧਨਾਂ ਤੇ ਨਿਰਭਰਤਾ ਵਧੀ ਹੈ, ਉਤਪਾਦਨ ਘਟਿਆ ਹੈ, ਆਮਦਨ ਅਣਿਸ਼ਚਿਤ ਹੋ ਗਈ ਹੈ ਅਤੇ ਰਸਾਇਣਾਂ ਨਾਲ ਭਰਪੂਰ ਖੁਰਾਕ ਪੈਦਾ ਹੋ ਰਹੀ ਹੈ।

ਜਲਵਾਯੂਪਰਿਵਰਤਨ ਕਾਰਨ ਬੇਤਰਤੀਬ ਮੌਸਮ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ। ਪਰਿਵਾਰਾਂ ਦੀ ਖੁਰਾਕ ਅਤੇ ਪੋਸ਼ਣ ਸੁਰੱਖਿਆ ਵੀ ਪ੍ਰਭਾਵਿਤ ਹੋ ਰਹੀ ਹੈ। ਕੁਦਰਤ-ਅਨੁਕੂਲ ਅਤੇ ਟਿਕਾਊਖੇਤੀ ਬਾਰੇ ਸਹੀ ਮਾਰਗਦਰਸ਼ਨ ਨਾ ਮਿਲਣ ਕਾਰਨ ਖ਼ਾਸ ਕਰਕੇ ਨੌਜਵਾਨ ਖੇਤੀ ਤੋਂ ਦੂਰ ਹੋ ਰਹੇ ਹਨ।

ਸੈਨਾਜ਼ਾ ਦੀ ਸਫ਼ਲਤਾ ਦੀ ਕਹਾਣੀ

ਸ਼੍ਰੀਮਤੀ ਸੈਨਾਜ਼ਾ ਐਮ. ਸ਼ੇਟਾਸਨਾਦੀ ਕਰਨਾਟਕ ਦੇ ਧਾਰਵਾੜ ਜ਼ਿਲ੍ਹੇ ਦੀ ਹੁਬਲੀ ਤਹਿਸੀਲ ਦੇ ਚੰਨਾਪੁਰ ਪਿੰਡ ਵਿੱਚ ਆਪਣੇ ਚਾਰ ਮੈਂਬਰੀ ਪਰਿਵਾਰ ਨਾਲ ਰਹਿੰਦੀ ਹੈ। ਉਨ੍ਹਾਂ ਦੇ ਪਰਿਵਾਰ ਦੀ ਆਮਦਨ ਦਾ ਮੁੱਖ ਸਰੋਤ ਖੇਤੀ ਹੈ। ਉਨ੍ਹਾਂ ਕੋਲ ਦੋ ਏਕੜ ਖੇਤੀਯੋਗ ਜ਼ਮੀਨ ਹੈ। ਘਰ ਦੇ ਪਿਛਲੇ ਹਿੱਸੇ ਵਿੱਚ ਥੋੜ੍ਹੀ ਜਗ੍ਹਾ ਹੋਣ ਕਰਕੇ ਸੈਨਾਜ਼ਾ ਦੀ ਇੱਛਾ ਸੀ ਕਿ ਉਹ ਆਪਣੇ ਪਰਿਵਾਰ ਲਈ ਤਾਜ਼ੀਆਂ, ਰਸਾਇਣ-ਮੁਕਤ ਅਤੇ ਪੌਸ਼ਟਿਕ ਸਬਜ਼ੀਆਂ ਉਗਾਏ। ਇਸ ਲਈ ਉਨ੍ਹਾਂ ਨੇ ਘਰੇਲੂਬਗੀਚੀ ਰਾਹੀਂ ਟਿਕਾਊਬਾਗਬਾਨੀ ਦੇ ਤਰੀਕੇ ਅਪਣਾਏ। ਉਹ ਇਹ ਜਾਣਨ ਲਈ ਬਹੁਤ ਉਤਸੁਕ ਸੀ ਕਿ ਕੁਦਰਤ-ਅਨੁਕੂਲ ਤਰੀਕਿਆਂ ਨਾਲ ਇੱਕ ਛੋਟੀ ਜਿਹੀ ਜਗ੍ਹਾ ਨੂੰ ਵੀ ਉਪਜਾਊਅਤੇ ਵਾਤਾਵਰਨ-ਪੱਖੀ ਬਗੀਚੀ ਵਿੱਚ ਕਿਵੇਂ ਬਦਲਿਆ ਜਾ ਸਕਦਾ ਹੈ।

ਸੈਨਾਜ਼ਾ ਉਨ੍ਹਾਂ ਮਹਿਲਾਵਾਂ ਵਿੱਚੋਂ ਇੱਕ ਸੀ, ਜਿਨ੍ਹਾਂ ਨੂੰ ਘਰੇਲੂਬਗੀਚੀ ਬਾਰੇ ਸਿਖਲਾਈ ਦਿੱਤੀ ਗਈ ਅਤੇ ਵੱਖ-ਵੱਖ ਕਿਸਮਾਂ ਦੇ ਸਬਜ਼ੀਆਂ ਦੇ ਬੀਜਾਂ ਵਾਲੀ ਕਿੱਟ ਵੀ ਮੁਹੱਈਆ ਕਰਵਾਈ ਗਈ। ਉਨ੍ਹਾਂ ਨੇ ਆਪਣੇ ਘਰ ਦੇ ਪਿੱਛਲੇ ਹਿੱਸੇ ਵਿੱਚ ਅਜਿਹੀ ਥਾਂ ਚੁਣੀ ਜਿੱਥੇ ਭਰਪੂਰ ਧੁੱਪ ਆਉਂਦੀ ਸੀ। ਉਨ੍ਹਾਂ ਨੇ ਘਰ ਵਿੱਚ ਬਣਾਈ ਕੰਪੋਸਟ ਅਤੇ ਜੈਵਿਕ ਖਾਦ ਮਿੱਟੀ ਵਿੱਚ ਮਿਲਾਈ ਅਤੇ ਘੱਟ ਜਗ੍ਹਾ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਉੱਚੀਆਂ ਕਿਆਰੀਆਂ, ਖੜ੍ਹੀ ਬਾਗਬਾਨੀ (ਵਰਟੀਕਲ ਗਾਰਡਨਿੰਗ) ਅਤੇ ਗਮਲਿਆਂ ਦੀ ਯੋਜਨਾਬੱਧ ਵਰਤੋਂ ਕੀਤੀ। ਉਨ੍ਹਾਂ ਨੇ ਰਸੋਈ ਦੇ ਜੈਵਿਕ ਕੂੜੇ, ਬਗੀਚੀ ਦੀ ਛਾਂਟੀ ਤੋਂ ਨਿਕਲੇ ਕੂੜੇ ਅਤੇ ਸੁੱਕੇ ਪੱਤਿਆਂ ਤੋਂ ਪੌਸ਼ਟਿਕ ਕੰਪੋਸਟ ਖਾਦ ਤਿਆਰ ਕੀਤੀ, ਜਿਸ ਦੀ ਵਰਤੋਂ ਬਗੀਚੀ ਦੀਆਂ ਕਿਆਰੀਆਂ ਵਿੱਚ ਕੀਤੀ ਗਈ। ਪੌਦਿਆਂ ਦੇ ਚੰਗੇ ਵਾਧੇ ਅਤੇ ਉਨ੍ਹਾਂ ਦੀ ਰੋਗ ਪ੍ਰਤੀਰੋਧਕ ਸਮੱਰਥਾ ਵਧਾਉਣ ਲਈ ਉਨ੍ਹਾਂ ਨੇ ਪੰਚਗਵਿਆ ਅਤੇ ਜੀਵਾਮ੍ਰਿਤ ਵਰਗੇ ਜੈਵਿਕ ਤਰਲ ਘੋਲ ਵਰਤੇ। ਕੀੜਿਆਂ ਅਤੇ ਬਿਮਾਰੀਆਂ ਤੋਂ ਬਚਾਅ ਲਈ ਉਨ੍ਹਾਂ ਨੇ ਨਿੰਮ ਦੇ ਤੇਲ ਦਾ ਛਿੜਕਾਅ ਕੀਤਾ। ਮਿੱਟੀ ਵਿੱਚ ਨਮੀ ਬਣਾਈ ਰੱਖਣ, ਨਦੀਨਾਂ ਨੂੰ ਘਟਾਉਣ ਅਤੇ ਮਿੱਟੀ ਦੀ ਉਪਜਾਊਸ਼ਕਤੀ ਵਧਾਉਣ ਲਈ ਉਨ੍ਹਾਂ ਨੇ ਪਰਾਲੀ ਅਤੇ ਸੁੱਕੇ ਪੱਤਿਆਂ ਨਾਲ ਮਲਚਿੰਗ ਵੀ ਕੀਤੀ।

ਸੈਨਾਜ਼ਾ ਦੱਸਦੀ ਹੈ ਕਿ ਪਹਿਲਾਂ ਉਨ੍ਹਾਂ ਦੇ ਪਰਿਵਾਰ ਨੂੰ ਹਰ ਮਹੀਨੇ ਸਬਜ਼ੀਆਂ ਖਰੀਦਣ ਲਈ ਲਗਭਗ 800 ਤੋਂ 1000 ਰੁਪਏ ਖਰਚ ਕਰਨੇ ਪੈਂਦੇ ਸਨ। ਹੁਣ ਉਹ ਆਪਣੀ ਘਰੇਲੂਬਗੀਚੀ ਵਿੱਚ ਹੀ ਸਬਜ਼ੀਆਂ ਉਗਾ ਲੈਂਦੀ ਹੈ। ਇੱਕ ਸੀਜ਼ਨ ਦੌਰਾਨ ਉਨ੍ਹਾਂ ਨੇ ਲਗਭਗ 3,800 ਰੁਪਏ ਮੁੱਲ ਦੀਆਂ ਸਬਜ਼ੀਆਂ ਆਪਣੇ ਘਰ ਵਿੱਚ ਹੀ ਪੈਦਾ ਕੀਤੀਆਂ।

ਸੈਨਾਜ਼ਾ ਦਾ ਇਹ ਉਪਰਾਲਾ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰ ਨੂੰ ਤਾਜ਼ੀਆਂ ਅਤੇ ਸਿਹਤਮੰਦ ਸਬਜ਼ੀਆਂ ਮੁਹੱਈਆ ਕਰਵਾ ਰਿਹਾ ਹੈ, ਸਗੋਂ ਵਾਤਾਵਰਨ ਦੀ ਸੰਭਾਲ ਅਤੇ ਸਮਾਜਿਕ ਜਾਗਰੂਕਤਾ ਨੂੰ ਵੀ ਉਤਸ਼ਾਹਿਤ ਕਰ ਰਿਹਾ ਹੈ। ਉਹ ਆਪਣੇ ਗੁਆਂਢੀਆਂ ਨਾਲ ਵੀ ਆਪਣਾ ਤਜਰਬਾ ਅਤੇ ਜਾਣਕਾਰੀ ਸਾਂਝੀ ਕਰਦੀ ਹੈ। ਉਨ੍ਹਾਂ ਦੀ ਪ੍ਰੇਰਣਾ ਨਾਲ ਪਿੰਡ ਦੇ ਕਈ ਹੋਰ ਪਰਿਵਾਰਾਂ ਨੇ ਵੀ ਘਰੇਲੂਬਗੀਚੀ ਬਣਾਉਣੀ ਸ਼ੁਰੂਕਰ ਦਿੱਤੀ ਹੈ, ਜਿਸ ਨਾਲ ਕੁਦਰਤ-ਅਨੁਕੂਲ ਅਤੇ ਸਿਹਤਮੰਦ

ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਸਾਲ 2023 ਵਿੱਚ 'ME Foundation ਨੇ Rotary Club Indiranagar ਦੇ ਸਹਿਯੋਗ ਨਾਲ ਕਿਸਾਨਾਂ ਦੀ ਆਮਦਨ ਸੁਧਾਰਨ ਅਤੇ ਟਿਕਾਊਖੇਤੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਪ੍ਰੋਜੈਕਟ ਸ਼ੁਰੂ ਕੀਤਾ। ਇਸ ਤਹਿਤ ਕਿਸਾਨਾਂ ਨੂੰ ਮੱਕੀ, ਸੋਇਆਬੀਨ ਅਤੇ ਜਵਾਰ ਵਰਗੀਆਂ ਫਸਲਾਂ ਵਿੱਚ ਕੁਦਰਤੀ ਖੇਤੀ ਦੇ ਤਰੀਕਿਆਂ ਬਾਰੇ ਸਿਖਲਾਈ ਦਿੱਤੀ ਗਈ। ਨਾਲ ਹੀ, ਘਰੇਲੂਬਗੀਚੀ ਲਗਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ, ਤਾਂ ਜੋ ਪਰਿਵਾਰਾਂ ਨੂੰ ਪੌਸ਼ਟਿਕ ਭੋਜਨ ਅਤੇ ਵਾਧੂਆਮਦਨ ਮਿਲ ਸਕੇ।

ਘਰੇਲੂ ਬਗੀਚੀ

ਇਸ ਪ੍ਰੋਜੈਕਟ ਦਾ ਇੱਕ ਮਹੱਤਵਪੂਰਨ ਹਿੱਸਾ ਪੇਂਡੂਮਹਿਲਾਵਾਂ ਨੂੰ ਆਪਣੇ ਘਰਾਂ ਦੇ ਪਿਛਲੇ ਹਿੱਸੇ ਵਿੱਚ ਘਰੇਲੂਬਗੀਚੀ ਤਿਆਰ ਕਰਨ ਲਈ ਪ੍ਰੇਰਿਤ ਕਰਨਾ ਸੀ। ਇਸ ਨਾਲ ਪਰਿਵਾਰਾਂ ਦੇ ਭੋਜਨ ਵਿੱਚ ਵੱਖ-ਵੱਖ ਕਿਸਮ ਦੀਆਂ ਤਾਜ਼ੀਆਂ ਸਬਜ਼ੀਆਂ ਸ਼ਾਮਲ ਹੋਣ ਲੱਗੀਆਂ ਅਤੇ ਬਾਜ਼ਾਰ ਤੋਂ ਸਬਜ਼ੀਆਂ ਖਰੀਦਣ ਦੀ ਲੋੜ ਵੀ ਘੱਟ ਹੋ ਗਈ।

ਹਰ ਇੱਛੁਕ ਪਰਿਵਾਰ ਨੂੰ 10 ਤੋਂ 13 ਕਿਸਮਾਂ ਦੇ ਸਬਜ਼ੀਆਂ ਦੇ ਬੀਜਾਂ ਵਾਲੀ ਇੱਕ ਕਿੱਟ ਦਿੱਤੀ ਗਈ। ਇਨ੍ਹਾ ਬੀਜਾਂ ਨਾਲ ਔਰਤਾਂ ਨੇ ਆਪਣੇ ਘਰਾਂ ਵਿੱਚ ਮੌਸਮੀ ਸਬਜ਼ੀਆਂ ਉਗਾਈਆਂ।

ਸਾਲ 2023-24, ਦੌਰਾਨ 70 ਮਹਿਲਾ ਮੈਂਬਰਾਂ ਨੂੰ 13 ਕਿਸਮਾਂ ਦੇ ਸਬਜ਼ੀਆਂ ਦੇ ਬੀਜ ਦਿੱਤੇ ਗਏ। ਜਿਨ੍ਹਾਂ ਨੇ ਬਰਸਾਤ ਦੀ ਸ਼ੁਰੂਆਤ ਵਿੱਚ ਬੀਜਾਈ ਕੀਤੀ, ਉਨ੍ਹਾਂ ਦੇ ਬੀਜ ਬਹੁਤ ਜ਼ਿਆਦਾ ਮੀਂਹ ਕਾਰਨ ਉੱਗ ਨਹੀਂ ਸਕੇ। ਪਰ ਜਿਨ੍ਹਾਂ ਔਰਤਾਂ ਨੇ ਕੁਝ ਦੇਰ ਨਾਲ ਬੀਜਾਈ ਕੀਤੀ, ਉਨ੍ਹਾਂ ਵਿੱਚੋਂ ਲਗਭਗ 40 ਫ਼ੀਸਦੀ ਨੂੰ ਵਧੀਆ ਸਬਜ਼ੀਆਂ ਦੀ ਪੈਦਾਵਾਰ ਮਿਲੀ।

ਮਹਿਲਾਵਾਂ ਨੇ ਰਸੋਈ ਦੇ ਜੈਵਿਕ ਕੂੜੇ, ਸੁੱਕੇ ਪੱਤਿਆਂ ਅਤੇ ਬਗੀਚੀ ਦੇ ਹੋਰ ਜੈਵਿਕ ਕੂੜੇ ਤੋਂ ਕੰਪੋਸਟ (ਦੇਸੀ) ਖਾਦ ਤਿਆਰ ਕੀਤੀ। ਇਸ ਤੋਂ ਇਲਾਵਾ **ਪੰਚਗਵਿਆ** ਅਤੇ **ਜੀਵਾਮ੍ਰਿਤ** ਵਰਗੇ ਜੈਵਿਕ ਤਰਲ ਘੋਲ ਤਿਆਰ ਕਰਕੇ ਪੌਦਿਆਂ ਦੇ ਵਿਕਾਸ ਅਤੇ ਰੋਗ-ਪ੍ਰਤੀਰੋਧਕ ਸਮਰੱਥਾ ਸਮਰੱਥਾ ਵਿਚ ਵਾਧਾ ਹੋਇਆ। ਕੀੜਿਆਂ ਅਤੇ ਬਿਮਾਰੀਆਂ ਦੇ ਕੰਟਰੋਲ ਲਈ ਨੀਮ ਦੇ ਤੇਲ ਦਾ ਛਿੜਕਾਅ ਕੀਤਾ ਗਿਆ। ਮਿੱਟੀ ਵਿੱਚ ਨਮੀ ਬਣਾਈ ਰੱਖਣ, ਨਦੀਨਾਂ ਨੂੰ ਰੋਕਣ ਅਤੇ ਮਿੱਟੀ ਦੀ ਸਿਹਤ ਸੁਧਾਰਨ ਲਈ ਪੌਦਿਆਂ ਦੇ ਆਲੇ-ਦੁਆਲੇ ਸੁੱਕੀ ਪਰਾਲੀ ਅਤੇ ਪੱਤਿਆਂ ਦੀ (ਪਰਤ ਵਿਛਾਈ ਗਈ) ਮਲਚਿੰਗ ਕੀਤੀ ਗਈ। ਹਰ ਪਰਿਵਾਰ ਨੇ ਬੈਂਗਣ, ਭਿੰਡੀ, ਟਮਾਟਰ, ਵੱਖ-ਵੱਖ ਕਿਸਮਾਂ ਦੀਆਂ ਲੌਕੀਆਂ, ਖੀਰਾ, ਮੂਲੀ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਉਗਾਈਆਂ। ਇੱਕ ਸੀਜ਼ਨ ਵਿੱਚ ਔਸਤਨ ਹਰ ਪਰਿਵਾਰ ਨੇ 2,500 ਤੋਂ 3,500 ਰੁਪਏ ਮੁੱਲ ਦੀਆਂ ਸਬਜ਼ੀਆਂ ਪੈਦਾ ਕੀਤੀਆਂ।

ਸਾਲ 2024 ਵਿੱਚ ਵੀ ਧਾਰਵਾੜ ਜ਼ਿਲ੍ਹੇ ਵਿੱਚ ਬਹੁਤ ਜ਼ਿਆਦਾ ਮੀਂਹ ਪਿਆ, ਜਿਸ ਕਾਰਨ ਕਈ ਫਸਲਾਂ ਦਾ ਨੁਕਸਾਨ ਹੋਇਆ। ਅਜਿਹੇ ਔਖੇ ਸਮੇਂ ਵਿੱਚ ਲਗਭਗ 25 ਮਹਿਲਾ ਕਿਸਾਨਾਂ ਨੇ ਆਪਣੇ ਘਰਾਂ ਵਿੱਚ ਘਰੇਲੂਬਗੀਚੀ ਤਿਆਰ ਕੀਤੀ। ਇ੍ਹਨਾਂ ਪਰਿਵਾਰਾਂ ਨੇ ਇੱਕ ਸੀਜ਼ਨ ਵਿੱਚ 3,000 ਤੋਂ 4,000 ਰੁਪਏ ਮੁੱਲ ਦੀਆਂ ਸਬਜ਼ੀਆਂ ਉਗਾਈਆਂ। ਜਦੋਂ ਖੇਤਾਂ ਦੀਆਂ ਫਸਲਾਂ ਬਰਬਾਦ ਹੋ ਗਈਆਂ ਸਨ, ਉਸ ਵੇਲੇ ਘਰੇਲੂਬਗੀਚੀ ਇਨ੍ਹਾਂ ਪਰਿਵਾਰਾਂ ਲਈ ਵਰਦਾਨ ਸਾਬਤ ਹੋਈ। ਇਸ ਨੇ ਨਾ ਸਿਰਫ਼ ਪਰਿਵਾਰਾਂ ਨੂੰ ਤਾਜ਼ਾ ਅਤੇ ਪੌਸ਼ਟਿਕ ਸਬਜ਼ੀਆਂ ਪ੍ਰਦਾਨ ਕੀਤੀਆਂ, ਸਗੋਂ ਔਖੇ ਸਮੇਂ ਵਿੱਚ ਆਰਥਿਕ ਸਹਾਰਾ ਵੀ ਦਿੱਤਾ।

AME Foudation
No. 204, 100 Feet Ring Road, 3rd Phase
Banashankari, 2nd Block, 3rd Stage,
Bangalore 560 085, India
www.amefound.org
E-mailL leisaindia@yahoo.co.in
Source :Sustainalbe Vegetable Farming Sep. 2025
LEISA INDIA, Vol.27, No. 3, Sep. P-24-25

ਟਿਕਾਊ ਸਬਜ਼ੀ ਖੇਤੀ ਦੀ ਸਫ਼ਲਤਾ ਦੀ ਕਹਾਣੀ

ਆਸ਼ੁਤੋਸ਼ ਪਾਲ ਅਤੇ ਅਰਮ ਕੁਮਾਰ ਗੌੜਾ

ਭੁਵਨ ਅਤੇ ਕੰਕਾਦਹਾੜ ਦਾ ਮਾਡਲ ਇਹ ਦਿਖਾਉਂਦਾ ਹੈ ਕਿ ਵਿਭਿੰਨਤਾ, ਵਿਕੇਂਦ੍ਰੀਕਰਨ ਅਤੇ ਵਾਤਾਵਰਣ ਪੱਖੀ ਖੇਤੀ ਪੱਦਤੀਆਂ ਰਾਹੀਂ ਜਲਵਾਯੂਪਰਿਵਰਤਨ ਦਾ ਸਾਹਮਣਾ ਕੀਤਾ ਜਾ ਸਕਦਾ ਹੈ। ਘੱਟ ਲਾਗਤ ਵਾਲੀ ਸਬਜ਼ੀ ਦੇ ਇਸ ਮਾਡਲ ਦੀ ਸਫਲਤਾ ਨੂੰ ਹੋਰ ਵਰਖਾ ਆਧਾਰਿਤ ਇਲਾਕਿਆਂ ਅਤੇ ਸੀਮਾਂਤ ਖੇਤਰਾਂ ਵਿੱਚ ਅਪਣਾਇਆ ਜਾ ਸਕਦਾ ਹੈ।

ਔਰਤਾਂ ਨੇ ਆਪਣੇ ਦੇਸੀ ਗਿਆਨ ਤੇ ਲੀਜ਼ਾ ਤਰੀਕਿਆਂ ਦੀ ਵਰਤੋਂ ਕਰਕੇ ਸਾਰਾ ਸਾਲ ਸਬਜ਼ੀਆਂ ਦੀ ਖੇਤੀ ਕੀਤੀ।

ਓਡੀਸ਼ਾ ਦੇ ਢੇਂਕਾਨਾਲ ਜਿਲ੍ਹੇ ਦੇ ਭੁਵਨ ਅਤੇ ਕੰਕਾਦਹਾੜ ਬਲਾਕ ਪੂਰਬੀ ਤੱਟੀ ਮੈਦਾਨ ਅਤੇ ਘਾਟ ਵਾਲੇ ਖੇਤਰ ਦਾ ਹਿੱਸਾ ਹਨ ਅਤੇ ਇਹ ਖੇਤਰ ਜਲਵਾਯੂਪਰਿਵਰਤਨ ਕਾਰਨ ਵਧ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਜਿਵੇਂ ਕਿ ਅਨਿਸ਼ਚਿਤਤ ਮੀਂਹ (ਸਾਲਾਨਾ 1000–1600 ਮਿ.ਮੀ. ਮੀਂਹ, ਬਹੁਤ ਜ਼ਿਆਦਾ ਗਰਮੀ ਅਤੇ ਠੀਕ-ਠਾਕ ਸਰਦੀਆਂ)। ਇਲਾਕੇ ਵਿੱਚ ਛੋਟੇ ਅਤੇ ਮੱਧਮ ਦਰਜੇ ਦੇ ਕਿਸਾਨ ਹਨ ਜੋ ਆਪਣੀ ਰੋਜ਼ੀ-ਰੋਟੀ ਲਈ ਖੇਤੀ ਦੇ ਨਾਲ-ਨਾਲ ਮਜ਼ਦੂਰੀ ਅਤੇ ਪਸ਼ੂਪਾਲਣ ਉੱਪਰ ਨਿਰਭਰ ਕਰਦੇ ਹਨ। ਖੇਤੀ ਵਿੱਚ ਮਹਿਲਾਵਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਪਰ ਫੈਸਲੇ ਲੈਣ ਵੇਲੇ ਉਹਨਾਂ ਨੂੰ ਲੋੜੀਂਦੀ ਮਾਨਤਾ ਨਹੀਂ ਮਿਲਦੀ। ਬਹੁਤ ਜ਼ਿਆਦਾ ਰਸਾਇਣਾਂ ਦੇ ਇਸਤੇਮਾਲ ਕਾਰਨ ਮਿੱਟੀ ਦੀ ਉਪਜਾਊਸ਼ਕਤੀ ਘਟ ਰਹੀ ਹੈ, ਬਾਹਰੀ ਰਸਾਇਣਾਂ ਉੱਪਰ ਨਿਰਭਰਤਾ ਵਧੀ ਹੈ ਅਤੇ ਇਸ ਕਰਕੇ ਵਾਤਾਵਰਣ ਦੀ ਸਿਹਤ ਅਤੇ ਕਿਸਾਨਾਂ ਦੀ ਆਜੀਵਿਕਾ ਦੋਵਾਂ ਨੂੰ ਖਤਰਾ ਵਧਿਆ ਹੈ।

ਰਵਾਇਤੀ ਤੌਰ 'ਤੇ ਸਬਜ਼ੀਆਂ ਦੀ ਖੇਤੀ ਘਰ ਦੇ ਪਿਛਵਾੜੇ ਅਤੇ ਮੁੱਖ ਖੇਤਾਂ ਦੋਵਾਂ ਵਿੱਚ ਕੀਤੀ ਜਾਂਦੀ ਹੈ, ਜੋ ਕਿ ਪਰਿਵਾਰ ਦੀ ਜ਼ਮੀਨ ਦੇ ਆਕਾਰ ਅਤੇ ਸਿੰਚਾਈ ਲਈ ਪਾਣੀ ਦੀ ਉਪਲਬਧਤਾ ਉੱਪਰ ਨਿਰਭਰ ਕਰਦਾ ਹੈ। ਘਰ ਦੇ ਪਿਛਵਾੜੇ ਵਿੱਚ ਘਰੇਲੂ ਖਪਤ ਲਈ ਸਬਜ਼ੀਆਂ ਉਗਾਉਣਾ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਪਰਿਵਾਰਾਂ ਵਿਚਕਾਰ ਆਮ ਗੱਲ ਹੈ, ਅਤੇ ਜ਼ਿਆਦਾਤਰ ਇਹ ਕੰਮ ਮਹਿਲਾਵਾਂ ਦੁਆਰਾ ਕੀਤਾ ਜਾਂਦਾ ਹੈ। ਰਸੋਈ ਤੋਂ ਨਿਕਲਣ ਵਾਲੇ ਪਾਣੀ ਅਤੇ ਜੈਵਿਕ ਖਾਦਾਂ ਦੀ ਵਰਤੋਂ ਕਰਕੇ ਛੋਟੀ ਜਿਹੀ ਜਗ੍ਹਾ ਵਿੱਚ ਪੂਰਾ ਸਾਲ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ।

ਮੁੱਖ ਖੇਤਾਂ ਵਿੱਚ ਸਬਜ਼ੀ ਉਹਨਾਂ ਕਿਸਾਨਾਂ ਦੁਆਰਾ ਕੀਤੀ ਜਾਂਦੀ ਹੈ ਜਿੰਨਾਂ ਕੋਲ ਵੱਧ ਜ਼ਮੀਨ ਜਾਂ ਸਿੰਚਾਈ ਦੀ ਉਪਲਬਧਤਾ ਹੁੰਦੀ ਹੈ। ਸਬਜ਼ੀਆਂ ਘਰੇਲੂ ਖਪਤ

ਅਤੇ ਬਾਜ਼ਾਰ ਵਿੱਚ ਵੇਚਣ ਦੋਵਾਂ ਦੇ ਲਈ ਉਗਾਈਆਂ ਜਾਂਦੀਆਂ ਹਨ। ਸਿੰਚਾਈ ਦੀ ਉਪਲਬਧਤਾ ਦੇ ਆਧਾਰ 'ਤੇ ਇੱਕ ਸਾਲ ਵਿੱਚ ਔਸਤਨ 2 ਤੋਂ 3 ਫਸਲੀ ਚੱਕਰ ਲਏ ਜਾਂਦੇ ਹਨ। ਖਰੀਫ਼ ਸੀਜ਼ਨ (ਮਾਨਸੂਨ) ਦੇ ਦੌਰਾਨ ਭਿੰਡੀ, ਲੌਕੀ ਅਤੇ ਬੈਂਗਣ ਆਦਿ ਉਗਾਏ ਜਾਂਦੇ ਹਨ। ਰਬੀ ਦੌਰਾਨ (ਸਰਦੀਆਂ), ਮਿੱਟੀ ਦੀ ਨਮੀ ਜਾਂ ਸੀਮਤ ਸਿੰਚਾਈ ਦੀ ਮੱਦਦ ਦੇ ਨਾਲ ਟਮਾਟਰ ਅਤੇ ਫੁੱਲ ਗੋਭੀ ਜਿਹੀਆਂ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ। ਗਰਮੀਆਂ ਦੇ ਦੌਰਾਨ ਜਿੱਥੇ ਸਿੰਚਾਈ ਦੀ ਉਪਲਬਧਤਾ ਹੁੰਦੀ ਹੈ, ਉੱਥੇ ਵੇਲ ਵਾਲੀਆਂ ਅਤੇ ਪੱਤੇਦਾਰ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ।

ਹਾਲਾਂਕਿ ਸਬਜ਼ੀਆਂ ਦੀ ਖੇਤੀ ਵਿੱਚ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ ਰਸਾਇਣਾਂ ਦੀ ਵਧਦੀ ਵਰਤੋਂ ਦੇ ਕਾਰਨ ਖੇਤੀ ਲਾਗਤ ਵਧ ਰਹੀ ਹੈ ਪਰ ਲਾਭ ਘਟਦਾ ਜਾ ਰਿਹਾ ਹੈ, ਗੈਰ –ਮਾਨਸੂਨ ਮਹੀਨਿਆਂ ਦੌਰਾਨ ਪਾਣੀ ਦੀ ਘੱਟ ਉਪਲਬਧਤਾ ਅਨਿਯਮਿਤ ਵਰਖਾ ਅਤੇ ਲੰਬੇ ਸੋਕਿਆਂ ਕਾਰਨ ਫਸਲ ਦਾ ਉਤਪਾਦਨ ਪ੍ਰਭਾਵਿਤ ਹੁੰਦਾ ਹੈ, ਹੁੰਮਸ ਅਤੇ ਤਾਪਮਾਨ ਵਿੱਚ ਬਦਲਾਅ ਦੇ ਕਾਰਨ ਕੀਟਾਂ ਦੇ ਹਮਲੇ ਅਤੇ ਬਿਮਾਰੀਆਂ ਦਾ ਪ੍ਰਕੋਪ ਵਧ ਜਾਂਦਾ ਹੈ। ਇਸ ਤੋਂ ਇਲਾਵਾ, ਸੰਸਥਾਗਤ ਸਹਿਯੋਗ ਅਤੇ ਖੇਤੀ ਵਿਸਥਾਰ ਸੇਵਾਵਾਂ ਦੀ ਕਮੀ, ਸਬਜ਼ੀ ਫਸਲਾਂ ਵਿੱਚ ਸੀਮਤ ਵਿਭਿੰਨਤਾ, ਵਾਢੀ ਤੋਂ ਬਾਅਦ ਹੋਣ ਵਾਲੇ ਨੁਕਸਾਨ ਅਤੇ ਬੀਜਾਂ, ਖਾਦਾਂ ਅਤੇ ਕੀਟਨਾਸ਼ਕਾਂ ਲਈ ਚੁੱਕਵੇਂ ਬਾਜ਼ਾਰਾਂ ਤੱਕ ਪਹੁੰਚ ਦੀ ਘਾਟ ਆਦਿ ਦੇ ਕਾਰਨ ਕਿਸਾਨਾਂ ਨੂੰ ਅਕਸਰ ਆਪਣੀ ਉਪਜ ਮਜ਼ਬੂਰੀ ਵਿੱਚ ਘੱਟ ਕੀਮਤ 'ਤੇ ਵੇਚਣੀ ਪੈਂਦੀ ਹੈ।

ਜਲਵਾਯੂਪਰਿਵਰਤਨ ਦੇ ਪ੍ਰਭਾਵਾਂ ਦਾ ਮੁਕਾਬਲਾ ਕਰਨ, ਕੁਦਰਤੀ ਸਰੋਤਾਂ ਦੀ ਕੁਸ਼ਲਤਾ ਨਾਲ ਵਰਤੋਂ ਕਰਨ ਅਤੇ ਸਥਾਨਕ ਹਾਲਾਤਾਂ ਦੇ ਅਨੁਕੂਲ ਖੇਤੀ ਵਿਵਸਥਾ ਵਿਕਸਤ ਕਰਨ ਦੇ ਲਈ ਜੈਵਿਕ ਸਬਜ਼ੀਆਂ ਦੀ ਖੇਤੀ ਦਾ ਮਾਡਲ ਸ਼ੁਰੂਕੀਤਾ ਗਿਆ। ਇਸ ਮਾਡਲ ਤਹਿਤ ਸਥਾਨਕ ਸਰੋਤਾਂ (ਖਾਦ, ਪੱਤਿਆਂ ਦੇ ਅਰਕ, ਗਊ ਆਧਾਰਿਤ ਇਨਪੁਟ) ਦੀ ਵਰਤੋਂ, ਮਿੱਟੀ ਅਤੇ ਪਾਣੀ ਦੀ ਸੰਭਾਲ, ਮਿਸ਼੍ਰਿਤ ਖੇਤੀ ਅਤੇ ਫਸਲੀ ਚੱਕਰ, ਭਾਗੀਦਾਰੀ ਤਰੀਕਿਆਂ ਆਧਾਰਿਤ ਸਿਖਲਾਈ ਰਾਹੀਂ ਕਿਸਾਨਾਂ ਦਾ ਸਮਰੱਥਾ ਨਿਰਮਾਣ ਅਤੇ ਮਹਿਲਾਵਾਂ ਦੀ ਅਗਵਾਈ ਵਾਲੀ ਘਰੇਲੂਅਤੇ ਪੋਸ਼ਣ ਬਗੀਚੀ ਨੂੰ ਪ੍ਰੋਤਸ਼ਾਹਿਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਐਚਡੀਐਫਸੀ–ਐਫਆਰਡੀਪੀ ਪ੍ਰੋਜੈਕਟ ਦੇ ਤਹਿਤ ਮਹਾਂਸ਼ਕਤੀ ਫਾਊਂਡੇਸ਼ਨ ਦੁਆਰਾ ਕੀਤੀ ਗਈ।

ਪਹਿਲ

ਸਭ ਤੋਂ ਪਹਿਲਾਂ 12 ਪਿੰਡਾਂ ਵਿੱਚ ਇੱਕ ਆਧਾਰਭੂਤ ਸਰਵੇਖਣ ਕੀਤਾ ਗਿਆ ਜਿਸ ਵਿੱਚ 180 ਛੋਟੇ ਅਤੇ ਸੀਮਾਂਤ ਕਿਸਾਨਾਂ ਨੇ ਭਾਗ ਲਿਆ। ਇਹ ਸਰਵੇਖਣ

ਫਸਲ	ਇਸਤੇਮਾਲ ਕੀਤੀ ਗਈ ਕਿਸਮ	ਕਿਸਮ	ਪੁਰਾਣੀ / ਨਵੀਂ	ਖੇਤਰ (ਔਸਤ)	ਪਹਿਲਾ ਝਾੜ (ਕਵਿੰਟਲ ਏਕੜ)	ਹੁਣ ਝਾੜ	ਟਿੱਪਣੀ
ਬੈਂਗਣ	ਉਤਕਲ ਤਾਰਿਣੀ (ਓਯੂਏਟੀ)	ਸੁਧਰੀ	ਮੌਜੂਦਾ	0.25–0.5ਏਕੜ	35–40	55–60	ਜੈਵਿਕ ਇਨਪੁੱਟ ਅਤੇ ਕੀਟ ਕੰਟਰੋਲ ਕਰਕੇ ਵੱਧ ਝਾੜ
ਟਮਾਟਰ	ਅਰਕਾ ਦਰਸ਼ਕ (ਅੰਕ 1)	ਹਾਈਬ੍ਰਿਡ	ਮੌਜੂਦਾ	0.2–0.4 ਏਕੜ	30–35	50–55	ਮਲਚਿੰਗ ਕਰਕੇ ਝਾੜ ਵਧਿਆ
ਭਿੰਡੀ	ਟਰਕਾ ਅਨਾਮਿਕਾ	ਸੁਧਰੀ	ਮੌਜੂਦਾ	0.1 –0.3 ਏਕੜ	25–30	40–45	ਉਚਿਤ ਜਗ੍ਹਾ ਤੇ ਕਤਾਰ ਵਿੱਚ ਬਿਜਾਈ
ਪਰਵਲ	ਸਥਾਨਕ	ਦੇਸੀ	ਮੌਜੂਦਾ	0.1 ਏਕੜ	18–20	25–28	ਸਹਾਰਾ ਦੇ ਕੇ ਬਿਜਾਈ ਕੀਤੀ ਗਈ, ਕੀਟਾਂ ਦਾ ਹਮਲਾ ਘਟਿਆ
ਖੀਰਾ	ਸਵਰਨ ਪੂਰਨਾ	ਸੁਧਰੀ	ਨਵੀਂ	0.2 ਏਕੜ	–	40–45	ਛੁਪਕਾ ਸਿੰਚਾਈ ਦੀ ਵਰਤੋਂ ਕਰਕੇ ਗਰਮੀ ਵਿੱਚ ਉਗਾਏ ਗਏ
ਹਰੀਆਂ ਪੱਤੇਦਾਰ	ਸਥਾਨਕ ਅਤੇ ਸੁਧਰੇ ਹੋਏ ਬੀਜ	ਮਿਸ਼੍ਰਿਤ	ਮੌਜੂਦਾ	0.05 – 0.5ਏਕੜ	10–12	15–18	ਘਰ ਦੇ ਪਿਛਵਾੜੇ ਵਿੱਚ ਉਗਾਈਆਂ, ਬਹੁਤ ਜ਼ਿਆਦਾ ਪੌਸ਼ਟਿਕ
ਸ਼ਿਮਲਾ ਮਿਰਚ	ਕੈਲੇਫੋਰਨੀਆ ਵੰਡਰ	ਐਫ 1 ਹਾਈਬ੍ਰਿਡ	ਨਵੀਂ	0.05 ਏਕੜ	–	15–20	ਘੱਟ ਕੀਮਤ ਵਾਲੇ ਪੋਲੀ ਸੁਰੰਗਾਂ ਵਿੱਚ ਟ੍ਰਾਇਲ ਕੀਤੇ ਗਏ

ਉਹਨਾਂ ਦੀਆਂ ਮੌਜੂਦਾ ਪਰਿਸਥਿਤੀਆਂ ਅਤੇ ਜ਼ਰੂਰਤਾਂ ਨੂੰ ਸਮਝਣ ਲਈ ਕੀਤਾ ਗਿਆ। ਇਸਤੋਂ ਬਾਅਦ ਇਲਾਕੇ ਦੀਆਂ ਖੇਤੀ-ਪਰਿਆਵਰਣਕ ਵਿਸ਼ੇਸ਼ਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਕਿਸਾਨਾਂ ਨਾਲ ਸਲਾਹ ਮਸ਼ਵਰਾ ਕਰਕੇ ਕਲੱਸਟਰਾਂ ਦੀ ਪਛਾਣ ਕੀਤੀ ਗਈ। ਇਸ ਪ੍ਰਕ੍ਰਿਆ ਵਿੱਚ ਪਾਣੀ ਦੇ ਸਰੋਤਾਂ, ਫਸਲੀ ਪੈਟਰਨਾਂ ਅਤੇ ਜ਼ੋਖ਼ਿਮਾਂ ਦੀ ਮੈਪਿੰਗ ਵੀ ਸ਼ਾਮਲ ਸੀ। ਅੰਤ ਵਿੱਚ, ਸਮੁਦਾਇ ਨੂੰ ਸੰਭਾਵਿਤ ਖੇਤਰੀ ਗਤੀਵਿਧੀਆਂ ਲਈ ਤਿਆਰ ਕਰਨ ਦੇ ਉਦੇਸ਼ ਨਾਲ ਸ਼ੁਰੂਆਤੀ ਜਾਗਰੂਕਤਾ ਅਤੇ ਜਾਣ-ਪਛਾਣ ਸੈਸ਼ਨ ਆਯੋਜਿਤ ਕੀਤੇ ਗਏ। ਇਸ ਪਹਿਲ ਵਿੱਚ 500 ਤੋਂ ਵੱਧ ਛੋਟੇ ਅਤੇ ਸੀਮਾਂਤ ਕਿਸਾਨ ਸ਼ਾਮਲ ਹਨ, ਜਿੰਨ੍ਹਾਂ ਵਿੱਚੋਂ 60% ਤੋਂ ਵਧ ਮਹਿਲਾ ਮੁਖੀ ਦੀ ਅਗਵਾਈ ਵਾਲੇ ਪਰਿਵਾਰਾਂ ਵਿੱਚੋਂ ਹਨ। ਕਿਸਾਨਾਂ ਨੂੰ 12 ਉਤਪਾਦਕ ਸਮੂਹਾਂ ਅਤੇ 15 ਸਵੈ-ਸਹਾਇਤਾ ਸਮੂਹਾਂ ਵਿੱਚ ਸੰਗਠਿਤ ਕੀਤਾ ਗਿਆ ਤਾਂਕਿ ਹਰ ਵਰਗ ਦੀ ਸਮਾਨ ਭਾਗੀਦਾਰੀ ਯਕੀਨੀ ਬਣਾਈ ਜਾ ਸਕੇ ਅਤੇ ਫੈਸਲਾ ਲੈਣ ਦੀ ਪ੍ਰਕ੍ਰਿਆ ਨੂੰ ਹੋਰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।

ਕਿਸਾਨ ਖੇਤ ਸਕੂਲਾਂ ਦੇ ਤਹਿਤ ਹਰ ਸਮੂਹ ਲਈ 3 ਸੈਸ਼ਨਾਂ ਰਾਹੀਂ ਜਲਵਾਯੂਪਰਿਵਰਤਨ ਦਾ ਸਾਹਮਣਾ ਕਰ ਸਕਣ ਵਾਲੀਆਂ ਖੇਤੀ ਦੀਆਂ ਤਕਨੀਕਾਂ, ਜੈਵਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਤਿਆਰੀ, ਬਿਨਾਂ ਰਸਇਣਾਂ ਤੋਂ ਕੀਟਾਂ ਅਤੇ ਬਿਮਾਰੀਆਂ ਦੀ ਰੋਕਥਾਮ ਅਤੇ ਆਈਐਨਐਮ ਅਤੇ ਆਈਪੀਐਮ ਬਾਰੇ ਸਿਖਲਾਈ-ਕਮ-ਪ੍ਰਦਰਸ਼ਨ ਸੈਸ਼ਨ ਆਯੋਜਿਤ ਕੀਤੇ ਗਏ। ਜਲਵਾਯੂ-ਅਨੁਕੂਲ ਖੇਤੀ ਅਤੇ ਜੈਵਿਕ ਪੱਦਤੀਆਂ ਬਾਰੇ ਕੁੱਲ ਮਿਲਾ ਕੇ 36 ਸਿਖਲਾਈ ਸੈਸ਼ਨ ਆਯੋਜਿਤ ਕੀਤੇ ਗਏ। ਕਿਸਾਨਾਂ ਨੂੰ ਅਧਿਐਨ ਦੌਰਿਆਂ ਉੱਪਰ ਵੀ ਲਿਜਾਇਆ ਗਿਆ ਅਤੇ ਉਹਨਾਂ ਨੂੰ ਕੰਪੋਸਟ, ਵਰਮੀ ਕੰਪੋਸਟ, ਜੈਵਿਕ ਕੀਟਨਾਸ਼ਕਾਂ ਦੀ ਤਿਆਰੀ (ਨਿੰਮ੍ਹ ਅਸਤਰ, ਮਟਕਾ ਖਾਦ, ਜੀਵ ਅੰਮ੍ਰਿਤ), ਤੁਪਕਾ ਸਿੰਚਾਈ, ਮਲਚਿੰਗ ਅਤੇ ਨਰਸਰੀ ਤਿਆਰ ਕਰਨ ਅਤੇ ਅਗੇਤਾ ਉਤਪਾਦਨ ਕਰਨ ਲਈ ਛਾਂਦਾਰ ਜਾਲ/ ਪੋਲੀ ਹਾਊਸ ਦੀ ਵਰਤੋਂ ਦੀ ਵਿਹਾਰਕ ਸਿਖਲਾਈ ਦਿੱਤੀ ਗਈ।

ਜਲਵਾਯੂ ਅਨੁਕੂਲਤਾ ਨੂੰ ਮਜ਼ਬੂਤ ਬਣਾਉਣਾ

ਸਥਾਨਕ ਜਲਵਾਯੂਅਤੇ ਖੇਤੀ-ਜਲਵਾਯੂਖੇਤਰਾਂ (ਉਹ ਖੇਤਰ ਜਿੱਥੇ ਜਲਵਾਯੂ, ਮਿੱਟੀ, ਵਰਖਾ, ਤਾਪਮਾਨ ਅਤੇ ਖੇਤੀ ਦੀਆਂ ਸਥਿਤੀਆਂ ਇੱਕੋ ਜਿਹੀਆਂ ਹੁੰਦੀਆ ਹਨ) ਦੇ ਅਨੁਕੂਲ ਫਸਲਾਂ ਦੀਆਂ ਕਿਸਮਾਂ ਨੂੰ ਉਤਸ਼ਾਹਿਤ ਕੀਤਾ ਗਿਆ। ਸਾਲ ਭਰ ਸਬਜ਼ੀਆਂ ਦੇ ਉਤਪਾਦਨ ਲਈ ਸਮੇਂ ਸਿਰ ਨਰਸਰੀ ਤਿਆਰ ਕਰਨ ਲਈ 10 ਨੌਜਵਾਨ ਕਿਸਾਨਾਂ ਨੂੰ ਛਾਂਦਾਰ ਨੈੱਟ ਮੁਹੱਈਆ ਕਰਵਾਏ ਗਏ। 32 ਕਿਸਾਨਾਂ ਲਈ ਪਾਣੀ ਦੀ ਉਪਲਬਧਤਾ ਵਧਾਉਣ ਦੇ ਉਦੇਸ਼ ਨਾਲ 4 ਖੇਤ ਤਾਲਾਬ, 2 ਘੱਟ ਲਾਗਤ ਵਾਲੇ ਚੈੱਕ ਡੈਮ ਅਤੇ ਮੀਂਹ ਦੇ ਪਾਣੀ ਨੂੰ ਸੰਭਾਲਣ ਲਈ ਢਾਂਚੇ ਤਿਆਰ ਕੀਤੇ ਗਏ। 24 ਕਿਸਾਨਾਂ ਵੱਲੋਂ ਸੂਖ਼ਮ ਸਿੰਚਾਈ ਤਕਨੀਕਾਂ ਜਿਵੇਂ ਕਿ ਤੁਪਕਾ ਅਤੇ ਫੁਹਾਰਾ ਸਿੰਚਾਈ ਅਪਣਾਉਣ ਨਾਲ ਪਾਣੀ ਦੀ ਵਰਤੋਂ ਦੀ ਕੁਸ਼ਲਤਾ ਵਿੱਚ ਸੁਧਾਰ ਆਇਆ। ਮਿੱਟੀ ਦੀ ਸਿਹਤ ਵਿੱਚ ਸੁਧਾਰ ਲਈ ਕੰਪੋਸਟ, ਹਰੀ ਖਾਦ, ਜੈਵਿਕ ਖਾਦ ਅਤੇ ਅਜ਼ੋਲਾ ਦੀ ਵਰਤੋਂ ਕੀਤੀ ਗਈ, ਜਿਸ ਨਾਲ ਪੋਸ਼ਕ ਤੱਤਾਂ ਦੇ ਕੁਦਰਤੀ ਚੱਕਰ ਨੂੰ ਮਜ਼ਬੂਤੀ ਮਿਲੀ।

ਪਾਣੀ ਦੀ ਕੁਸ਼ਲਤਾ ਨਾਲ ਵਰਤੋਂ, ਖਾਸ ਕਰਕੇ ਉਹਨਾਂ ਇਲਾਕਿਆਂ ਵਿੱਚ ਜਿੱਥੇ ਪਾਣੀ ਦੀ ਕਮੀ ਹੈ ਜਾਂ ਅਨਿਯਮਿਤ ਵਰਖਾ ਹੁੰਦੀ ਹੈ, ਲਈ ਤੁਪਕਾ ਅਤੇ ਫੁਹਾਰਾ ਸਿੰਚਾਈ ਦੀ ਵਰਤੋਂ ਕਰਕੇ ਪਾਣੀ ਦੀ ਬਰਬਾਦੀ ਘਟਾਉਣਾ, ਮਲਚਿੰਗ ਰਾਹੀਂ ਮਿੱਟੀ ਦੀ ਨਮੀ ਬਣਾਈ ਰੱਖਣਾ, ਮੀਂਹ ਦੇ ਪਾਣੀ ਨੂੰ ਖੇਤ ਤਾਲਾਬਾਂ ਰਾਹੀਂ ਇਕੱਠਾ ਕਰਨਾ, ਫਸਲ ਦੀ ਲੋੜ ਲਤੇ ਮੌਸਮ ਦੇ ਅਨੁਸਾਰ ਸਿੰਚਾਈ ਦਾ ਸਮਾਂ ਨਿਰਧਾਰਤ ਕਰਨਾ, ਅਤੇ ਸੋਕੇ ਦੀ ਮਾਰ ਨੂੰ ਸਹਿ ਸਕਣ ਵਾਲੀਆਂ ਫਸਲਾਂ ਦੀਆਂ ਕਿਸਮਾਂ ਦੀ ਵਰਤੋਂ ਕਰਨਾ ਆਦਿ ਕਈ ਤਰੀਕੇ ਵਰਤੇ ਗਏ।

ਸਮਾਰਟ ਖੇਤੀ ਅਤੇ ਡਿਜ਼ੀਟਲ ਏਕੀਕਰਨ

ਸਾਲ ਦੌਰਾਨ ਦੋ ਵਾਰ ਮੌਸਮੀ ਸਬਜ਼ੀਆਂ ਦੇ ਬੀਜ਼ਾ ਦੀਆਂ ਕਿੱਟਾਂ (ਜਿਵੇਂ ਟਮਾਟਰ, ਭਿੰਡੀ, ਬੈਂਗਣ, ਕੱਦੂ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਦੇ ਬੀਜ) ਕਿਸਾਨਾਂ ਵਿੱਚ ਵੰਡੀਆਂ ਗਈਆਂ। ਜ਼ੀਵਅੰਮ੍ਰਿਤ, ਨਿੰਮਅਸਤਰ ਅਤੇ ਮਲਚਿੰਗ ਬਾਰੇ ਸਿਖਲਾਈ ਦੇਣ ਲਈ 12 ਪ੍ਰਦਰਸ਼ਨੀ ਪਲਾਟ (ਹਰ ਪਿੰਡ ਵਿੱਚ ਹਿੱਕ) ਸਥਾਪਤ ਕੀਤੇ ਗਏ। ਇਸ ਤੋਂ ਇਲਾਵਾ 2 ਆਟੋਮੈਟਿਕ ਮੌਸਮ ਕੇਂਦਰ (ਏਡਬਲਿਊਐੱਸ) ਅਤੇ ਬਿਜਲੀ ਡਿੱਗਣ ਦੀ ਪਛਾਣ ਕਰਨ ਵਾਲਾ ਇੱਕ ਉਪਕਰਨ ਸਥਾਪਤ ਕੀਤਾ ਗਿਆ। ਇਹਨਾਂ ਉਪਕਰਨਾਂ ਰਾਹੀਂ ਤਾਪਮਾਨ, ਹਵਾ ਵਿੱਚ ਨਮੀ, ਵਰਖਾ ਆਦਿ ਬਾਰੇ ਅਸਲ ਸਮੇਂ ਦੀ ਜਾਣਕਾਰੀ ਦੇ ਨਾਲ-ਨਾਲ ਕਲਾਊਡ ਰਾਹੀਂ ਅਗਲੇ 24 ਘੰਟਿਆਂ ਦੇ ਮੌਸਮ ਦਾ ਪੂਰਵ-ਅਨੁਮਾਨ ਵੀ ਉਪਲਬਧ ਕਰਵਾਇਆ ਜਾ ਸਕਦਾ ਹੈ। ਇਹਨਾਂ ਏਡਬਲਿਊਐਸ ਤੋਂ ਪ੍ਰਾਪਤ

ਕੇਸ ਸਟੱਡੀ 1: ਸੰਜੁਕਤਾ ਮਹਾਂਤਾ – ਛੋਟੀ ਕਿਸਾਨ, ਕੰਕਦਹਾੜ ਬਲਾਕ

ਸੰਜੁਕਤਾ, ਕੰਕਾਦਹਾੜ ਬਲਾਕ ਦੇ ਮਾਰੂਆਬਿਲੀ ਗ੍ਰਾਮ ਪੰਚਾਇਤ ਦੇ ਖਰਖਰੀ ਪਿੰਡ ਦੀ ਇੱਕ ਸੀਮਾਂਤ ਕਿਸਾਨ ਹੈ। ਪਾਣੀ ਦੀ ਕਮੀ ਕਾਰਨ ਉਹ ਪਹਿਲਾਂ ਸਿਰਫ਼ ਬਰਸਾਤ ਦੇ ਮੌਸਮ ਵਿੱਚ ਹੀ ਸਬਜ਼ੀਆਂ ਦੀ ਖੇਤੀ ਕਰਦੀ ਸੀ। ਮਹਾਂਸ਼ਕਤੀ ਫਾਊਂਡੇਸ਼ਨ ਦੇ ਸਹਿਯੋਗ ਨਾਲ ਉਸਨੇ ਆਪਣੇ 0.5 ਏ।ਕੜ ਖੇਤ ਵਿੱਚ ਤੁਪਕਾ ਸਿੰਚਾਈ ਪ੍ਰਣਾਲੀ (ਸਰਕਾਰੀ ਸਬਸਿਡੀ ਨਾਲ) ਅਤੇ ਜੈਵਿਕ ਕੰਪੋਸਟ ਤਿਆਰ ਕਰਨ ਦੀ ਵਿਧੀ ਅਪਣਾਈ। ਹੁਣ ਉਹ ਸਾਲ ਦੇ ਦੋ ਮੌਸਮਾਂ ਵਿੱਚ ਬੈਂਗਣ ਅਤੇ ਭਿੰਡੀ ਦੀ ਖੇਤੀਕ ਰ ਰਹੀ ਹੈ। ਇਸ ਨਾਲ ਉਸਦੀ ਖੇਤੀ ਦੀ ਲਾਗਤ ਘਟੀ ਹੈ ਅਤੇ ਆਮਦਨ ਵਿੱਚ 30% ਦਾ ਵਾਧਾ ਹੋਇਆ ਹੈ। ਇਸਤੋਂ ਇਲਾਵਾ, ਉਸਦਾ ਖੇਤ ਹੁਣ ਸੋਕੇ ਦਾ ਵਧੀਆ ਢੰਗ ਨਾਲ ਸਾਹਮਣਾ ਕਰ ਸਕਦਾ ਹੈ ਜਿਸ ਨਾਲ ਅਨਿਯਮਿਤ ਵਰਖਾ ਦੇ ਬਾਵਜ਼ੂਦ ਉਸਦੀ ਖੇਤੀ ਹੋਰ ਜਲਵਾਯੂਅਨੁਕੂਲ ਅਤੇ ਲਚੀਲੀ ਬਣ ਗਈ ਹੈ।

ਕੇਸ ਸਟੱਡੀ 2: ਦੇਬਾਸੀਸ ਜੇਠੀ – ਨੌਜਵਾਨ ਕਿਸਾਨ ਭੁਵਨ ਬਲਾਕ

ਦੇਬਾਸੀਸ, ਭੁਵਨ ਬਲਾਕ ਦੀ ਬਰੂਆਨ ਗ੍ਰਾਮ ਪੰਚਾਇਤ ਦੇ ਕੁਮਾਰਸਿੰਘਾ ਪਿੰਡ ਦਾ ਇੱਕ ਨੌਜਵਾਨ ਕਿਸਾਨ ਹੈ। ਉਸਨੇ ਠੇਕੇ 'ਤੇ ਲਹ. ਜ਼ਮੀਨ ਵਿੱਚ ਰਸਾਇਣਿਕ ਖੇਤੀ ਛੱਡ ਕੇ ਜੈਵਿਕ ਸਬਜ਼ੀ ਉਤਪਾਦਨ ਸ਼ੁਰੂਕੀਤਾ। ਮਹਾਂਸ਼ਕਤੀ ਫਾਊਂਡੇਸ਼ਟ ਵੱਲੋਂ ਕਿਸਾਨ ਉਤਪਾਦਕ ਸਮੂਹ ਰਾਹੀਂ ਦਿੱਤੀ ਗਈ ਸਿਖਲਾਈ ਅਤੇ ਸਹਿਯੋਗ ਨਾਲ ਉਸਨੇ ਸਰਕਾਰੀ ਸਬਸਿਡੀ ਦੀ ਮੱਦਦ ਨਾਲ ਤੁਪਕਾ ਸਿੰਚਾਈ ਪ੍ਰਣਾਲੀ ਸ਼ੁਰੂਕੀਤੀ। ਇਸ ਤਕਨੀਕ ਨਾਲ ਭਾਰੀ ਵਰਖਾ ਦੌਰਾਨ ਫਸਲਾਂ ਦੇ ਨੁਕਸਾਨ ਵਿੱਚ ਕਮੀ ਆਈ ਅਤੇ ਉਹ ਅਗੇਤੀਆਂ ਸਬਜ਼ੀਆਂ ਸਥਾਨਕ ਬਾਜ਼ਾਰਾਂ ਵਿੱਚ ਵੇਚਣ ਦੇ ਯੋਗ ਹੋਇਆ। ਨਤੀਜੇ ਵਜੋਂ,

ਡਾਟਾ ਦੇ ਆਧਾਰ 'ਤੇ ਰੋਜ਼ਾਨਾ ਫਸਲ-ਵਾਰ ਖੇਤੀ ਸਲਾਹਾਂ ਜਾਰੀ ਕੀਤੀਆਂ ਜਾਂਦੀਆਂ ਹਨ। ਇਹਨਾਂ ਰਾਹੀਂ ਕਿਸਾਨਾਂ ਨੂੰ ਸਿੰਚਾਈ ਦਾ ਸਮਾਂ ਨਿਰਧਾਰਤ ਕਰਨ, ਕੀਟਾਂ ਅਤੇ ਰੋਗਾਂ ਦਾ ਪ੍ਰਬੰਧਨ ਕਰਨ ਅਤੇ ਫਸਲਾਂ ਦੀ ਯੋਜਨਾਬੰਦੀ ਕਰਨ ਲਈ ਮਾਰਗਦਰਸ਼ਨ ਦਿੱਤਾ ਜਾਂਦਾ ਹੈ। ਇਸਦੇ ਨਤੀਜੇ ਵਜੋਂ ਫਸਲਾਂ ਦੀ ਪੈਦਾਵਾਰ ਵਿੱਚ 15% ਤੱਕ ਵਾਧਾ, ਖੇਤੀ ਦੀ ਲਾਗਤ ਵਿੱਚ ਕਮੀ ਅਤੇ ਫਸਲਾਂ ਦੀ ਸਿਹਤ ਵਿੱਚ ਸੁਧਾਰ ਹੋਇਆ ਹੈ। ਇਸਤੋਂ ਇਲਾਵਾ, ਡਿਜ਼ੀਟਲ ਸਾਧਨਾਂ ਅਤੇ ਫੀਡਲ ਸਕਾਊਟਾਂ ਦੀ ਮੱਦਦ ਨਾਲ ਫਸਲਾਂ ਦੀ ਸਿਹਤ ਅਤੇ ਕੀਟਾਂ ਦੇ ਪ੍ਰਕੋਪ ਦੀ ਲਗਾਤਾਰ ਨਿਗਰਾਨੀ ਕੀਤੀ ਗਈ ਜਿਸ ਨਾਲ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਯਕੀਨੀ ਬਣਾਇਆ ਗਿਆ।

ਬਾਜ਼ਾਰ ਅਤੇ ਸੰਸਥਾਗਤ ਲਿੰਕ

ਕਿਸਾਨਾਂ ਨੰ ਬਾਜ਼ਾਰ ਭਾਅ, ਮੰਗ, ਸਪਲਾਈ ਦੇ ਰੁਝਾਨ ਅਤੇ ਖਪਤਕਾਰਾਂ ਦੀਆਂ ਪਸੰਦਾਂ ਬਾਰੇ ਜਾਣਕਾਰੀ ਉਪਲਬਧ ਕਰਵਾਈ ਗਈ। ਇਸ ਨਾਲ ਉਹਨਾਂ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਮਿਲੀ ਕਿ ਕਿਹੜੀ ਫਸਲ ਉਗਾਉਣੀ ਹੈ, ਕਦੋਂ ਵੇਚਣੀ ਹੈ ਅਤੇ ਕਿੱਥੇ ਵੇਚਣ ਨਾਲ ਵੱਧ ਮੁਨਾਫ਼ਾ ਮਿਲ ਸਕਦਾ ਹੈ। ਚੰਗੀ ਆਮਦਨੀ ਯਕੀਨੀ ਬਣਾਉਣ ਲਈ ਮੌਸਮ ਦੀ ਭਵਿੱਖਵਾਣੀ ਅਤੇ ਬਾਜ਼ਾਰ ਦੇ ਰੁਝਾਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੌਸਮੀ ਫਸਲ ਦੀ ਯੋਜਨਾਬੰਦੀ ਕੀਤੀ ਗਈ। ਕਿਸਾਨਾਂ ਦੀ ਸਮਝ ਅਤੇ ਜਾਣਕਾਰੀ ਵਿੱਚ ਵਾਧਾ ਕਰਨ ਦੇ ਲਈ ਕਾਲਾਹਾਂਡੀ ਅਤੇ ਕਟਕ ਦੇ ਸਬਜ਼ੀ ਬਾਜ਼ਾਰਾਂ ਦੇ 2 ਅਧਿਐਨ ਦੌਰੇ ਕਰਵਾਏ ਗਏ। ਫਾਰਮਰਜ਼ ਪ੍ਰੋਡਿਊਸਰ ਸੰਸਥਾਵਾਂ ਅਤੇ ਸਵੈ ਸਹਾਇਤਾ ਸਮੂਹਾਂ ਰਾਹੀਂ ਖੇਤੀ ਦੇ ਸਾਮਾਨਾਂ ਦੀ ਸਮੂਹਿਕ ਖਰੀਦ ਅਤੇ ਹਰ ਹਫ਼ਤੇ 18 ਕੁਇੰਟਲ ਉਤਪਾਦ ਦੇ ਸਮੂਹਿਕ ਮੰਡੀਕਰਨ ਨੂੰ ਪ੍ਰੋਤਸ਼ਾਹਿਤ ਕੀਤਾ ਗਿਆ। ਫਾਰਮਰਜ਼ ਪ੍ਰੋਡਿਊਸਰ ਸੰਸਥਾਵਾਂ ਨੇ ਸਮੂਹਿਕ ਕਾਰਵਾਈ ਰਾਹੀਂ (ਭਾਵ ਗੁਣਵੱਤਾ ਯਕੀਨੀ ਬਣਾਉਣ ਦੇ ਲਈ ਖੇਤੀ ਲਈ ਲੋੜੀਂਦੇ ਸਮਾਨ ਦੀ ਇਕੱਠੀ ਖਰੀਦ ਅਤੇ ਬਿਚੋਲੀਆਂ ਦੇ ਸੋਸ਼ਣ ਤੋਂ ਬਚਣ ਲਈ ਇਕੱਠੇ ਮੰਡੀਕਰਨ ਅਤੇ ਛੋਟੇ ਕਿਸਾਨਾਂ ਦੇ ਹੱਥ ਵਿੱਚ ਮੁੱਲ ਤੈਅ ਕਰਨ ਦੀ ਸ਼ਕਤੀ) ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਮਜ਼ਬੂਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਤੋਂ ਇਲਾਵਾ, ਵਾਧੂਉਤਪਾਦ ਦੀ ਵਿਕਰੀ ਯਕੀਨੀ ਬਣਾਵੁਣ ਲਈ ਸਥਾਨਕ ਬਾਜ਼ਾਰਾਂ ਨਾਲ ਮਜਬੂਤ ਲਿੰਕ ਸਥਾਪਤ ਕੀਤੇ ਗਏ।

ਅਗਲੀ ਕਾਰਵਾਈ, ਨਿਗਰਾਨੀ ਅਤੇ ਮੁਲਾਂਕਣ

ਪਰਿਯੋਜਨਾ ਦੇ ਤਹਿਤ ਐਨਜੀਓ ਦੇ ਕਰਮਚਾਰੀਆਂ ਵੱਲੋਂ ਹਰ ਮਹੀਨੇ ਖੇਤਾਂ ਦੇ ਦੌਰੇ ਕੀਤੇ ਗਏ। ਇਹਨਾਂ ਦੌਰਿਆਂ ਦੌਰਾਨ ਡਿਜ਼ੀਟਲ ਸਾਧਨਾਂ ਜਿਵੇਂ ਕਿ ਫੀਲਡ ਮਾਨੀਟਰਿੰਗ ਅਤੇ ਲੌਗਬੁੱਕ ਰਿਕਾਰਡਿੰਗ ਦੀ ਮਦਦ ਨਾਲ ਫਸਲਾਂ ਦੀ ਪ੍ਰਗਤੀ ਅਤੇ ਕਿਸਾਨਾਂ ਦੀ ਆਮਦਨ ਦੀ ਨਿਗਰਾਨੀ ਕੀਤੀ ਗਈ। ਇਸਤੋਂ ਇਲਾਵਾ, ਕਿਸਾਨ ਖੇਤ ਸਕੂਲਾਂ ਦੇ ਸਾਰੇ ਮੈਂਬਰਾਂ ਲਈ ਹਰ ਤਿੰਨ ਮਹੀਨੇ ਬਾਅਦ ਸਮੀਖਿਆ ਮੀਟਿੰਗਾਂ, ਫੀਡਬੈਕ ਸੈਸ਼ਨ ਅਤੇ ਪੁਨਬਰ ਸਿਖਲਾਈ ਸੈਸ਼ਨਾਂ ਦਾ ਆਯੋਜਨ ਕੀਤਾ ਗਿਆ। ਨਿਗਰਾਨੀ ਦੌਰਾਨ ਫਸਲ ਦੀ ਪੈਦਾਵਾਰ, ਪਾਣੀ ਦੀ ਵਰਤੋਂ, ਮਿੱਟੀ ਦੀ ਉਪਜਾਊਸ਼ਕਤੀ ਅਤੇ ਨਵੀਆਂ ਖੇਤੀ ਤਕਨੀਕਾਂ ਨੂੰ ਅਪਣਾਉਣ ਦੀ ਦਰ ਆਦਿ ਮੁੱਖ ਸੂਚਕਾਂ ਦਾ ਵੇਰਵਾ ਮਹੀਨੇਵਾਰ ਜਾਂ ਤਿੰਨ ਮਹੀਨੇ ਵਿੱਚ ਇੱਕ ਵਾਰ ਦਰਜ ਕੀਤਾ ਗਿਆ। ਇਸਤੋਂ ਇਲਾਵਾ, ਚੰਗੀਆਂ ਖੇਤੀ ਪੱਧਤੀਆਂ ਅਤੇ ਸਫਲਤਾ ਦੀਆਂ ਕਹਾਣੀਆਂ ਦਾ ਦਸਤਾਵੇਜ਼ੀਕਰਨ ਕੀਤਾ ਜਾ ਰਿਹਾ ਹੈ ਤਾਂਕਿ ਇਹਨਾਂ ਨੂੰ ਵੱਡੇ ਪੱਧਰ 'ਤੇ ਲਾਗੂਕਰਨ ਅਤੇ ਨੀਤੀ ਨਿਰਮਾਣ ਲਈ ਵਰਤਿਆ ਜਾ ਸਕੇ। ਪਰਿਯੋਜਨਾ ਦੇ ਅੰਤ ਵਿੱਚ ਇਸਦੇ ਨਤੀਜਿਆਂ ਅਤੇ ਪ੍ਰਭਾਵਾਂ ਦਾ ਨਿਰਪੱਖ ਮੁਲਾਂਕਣ ਇੱਕ ਸੁਤੰਤਰ ਤੀਜੀ ਧਿਰ ਵੱਲੋਂ ਕੀਤਾ ਜਾਵੇਗਾ।

ਪ੍ਰਭਾਵ ਅਤੇ ਨਤੀਜੇ

ਇਸ ਪਹਿਲ ਦੇ ਤਹਿਤ 150 ਹੈਕਟੇਅਰ ਤੋਂ ਵੱਧ ਖੇਤਰ ਨੂੰ ਜਲਵਾਯੂਅਨੁਕੂਲ ਸਬਜ਼ੀ ਉਤਪਾਦਨ ਦੇ ਅਧੀਨ ਲਿਆਂਦਾ ਗਿਆ। ਕਿਸਾਨਾਂ ਦੀ ਖੇਤੀ ਆਮਦਨ ਵਿੱਚ 30 ਤੋਂ 40 ਪ੍ਰਤੀਸ਼ਤ ਦਾ ਵਾਧਾ ਹੋਇਆ, ਜਦੋਂ ਕਿ ਪਾਣੀ ਦੀ ਵਰਤੋਂ ਦੀ ਕੁਸ਼ਲਤਾ ਵਿੱਚ 50% ਦਾ ਸੁਧਾਰ ਦਰਜ ਕੀਤਾ ਗਿਆ। ਮੌਸਮ ਦੀ ਅਨਿਸ਼ਚਿਤਤਾ ਕਾਰਨ ਹੋਣ ਵਾਲੇ ਨੁਕਸਾਨ ਵਿੱਚ ਭਾਰੀ ਕਮੀ ਆਈ। ਸਰਕਾਰੀ ਯੋਜਨਾਵਾਂ ਨਾਲ ਤਾਲਮੇਲ ਕਰਕੇ ਖੇਤ ਪੱਧਰ 'ਤੇ ਇਸ ਪਹਿਲ ਨੂੰ ਹੋਰ ਵਿਆਪਕ ਢੰਗ ਨਾਲ ਲਾਗੂਕੀਤਾ ਗਿਆ, ਜਿਸ ਨਾਲ ਇਸਦਾ ਪ੍ਰਭਾਵ ਹੋਰ ਵਧ ਗਿਆ। ਸਾਰਣੀ 1 ਵਿੱਚ ਦਰਸਾਏ ਅਨੁਸਾਰ, ਫਸਲਾਂ ਦੀ ਔਸਤ ਪੈਦਾਵਾਰ ਵਿੱਚ ਵੀ ਮਹੱਤਵਪੂਰਨ ਵਾਧਾ ਦਰਜ ਕੀਤਾ ਗਿਆ। ਪਰਿਯੋਜਨਾ ਸ਼ੁਰੂਹੋਣ ਤੋਂ ਪਹਿਲਾਂ ਕਿਸਾਨਾਂ ਦੀ ਔਸਤ ਆਮਦਨ ਲਗਭਗ 35000 ਰੁਪਏ ਪ੍ਰਤਿ ਸੀਜ਼ਨ ਸੀ, ਜੋ ਪਰਿਯੋਜਨਾ ਦੇ ਲਾਗੂਹੋਣ ਤੋਂ ਬਾਅਦ ਵਧ ਕੇ ਲਗਭਗ 58000 ਰੁਪਏ ਪ੍ਰਤਿ ਸੀਜ਼ਨ ਹੋ ਗਈ।

ਫਸਲ	ਪਹਿਲਾਂ (ਕੁਇੰਟਲ / ਏਕੜ)	ਬਾਅਦ (ਕੁਇੰਟਲ / ਏਕੜ)
ਟਮਾਟਰ	48	72
ਬੈਂਗਣ	40	60
ਮਿਰਚ	32	48
ਫਲੀਆਂ	33	72
ਭਿੰਡੀ	45	45

ਘਰੇਲੂ ਖਪਤ ਅਤੇ ਮੰਡੀਕਰਨ

ਸਬਜ਼ੀਆਂ ਦੀ ਖੇਤੀ ਘਰੇਲੂਖਪਤ ਅਤੇ ਮੰਡੀਕਰਨ ਦੋਵਾਂ ਉਦੇਸ਼ਾਂ ਲਈ ਕੀਤੀ ਜਾਂਦੀ ਹੈ। ਇਹ ਕਿਸਾਨ ਦੇ ਖੇਤ ਦੇ ਆਕਾਰ ਅਤੇ ਉਪਲਬਧ ਸਰੋਤਾਂ 'ਤੇ ਨਿਰਭਰ ਕਰਦਾ ਹੈ। ਘਰੇਲੂਬਗੀਚੀ ਮੁੱਖ ਤੌਰ 'ਤੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੀਤੀ ਜਾਂਦੀ ਹੈ। ਇਹਲਾਂ ਰਾਹੀਂ ਪਰਿਵਾਰ ਨੂੰ ਸਾਲ ਭਰ ਤਾਜ਼ੀਆਂ ਸਬਜ਼ੀਆਂ ਮਿਲਦੀਆਂ ਹਨ, ਜਿਸ ਨਾਲ ਪੋਸ਼ਣ ਸੁਰੱਖਿਆ ਵਿੱਚ ਸੁਧਾਰ ਹੁੰਦਾ ਹੈ। ਖ਼ਾਸ ਕਰਕੇ ਮਹਿਲਾਵਾਂ ਇਹਨਾਂ ਬਗੀਚੀਆਂ ਦੀ ਦੇਖਭਾਲ

ਕਰਦੀਆਂ ਹਨ ਅਤੇ ਜੈਵਿਕ ਖੇਤੀ ਤਰੀਕਆਂ ਅਤੇ ਰਸੋਈ ਦੇ ਜੈਵਿਕ ਕਚਰੇ ਦੀ ਵਰਤੋਂ ਕਰਦੀਆਂ ਹਨ। ਮੰਡੀਕਰਨ (ਵਪਾਰਕ ਉਦੇਸ਼) ਵਿਭਿੰਨ ਸਥਾਨਾਂ ਉੱਪਰ ਕੀਤਾ ਜਾਂਦਾ ਹੈ – ਸਥਾਨਕ ਬਾਜ਼ਾਰ (ਹਾਟ), ਕੁੱਝ ਪ੍ਰਗਤੀਸ਼ੀਲ ਕਿਸਾਨ ਅਤੇ ਕਿਸਾਨ ਉਤਪਾਦਕ ਸਮੂਹ ਸਿੱਧੇ ਮੰਡੀਕਰਨ ਕਰਦੇ ਹਨ ਅਤੇ ਇਕੱਠੇ ਹੋ ਕੇ ਨੇੜਲੇ ਸ਼ਹਿਰਾਂ ਦੀ ਹਫ਼ਤਾਵਾਰੀ ਸਬਜ਼ੀ ਮੰਡੀ ਵਿੱਚ ਵਿਕਰੀ ਲਈ ਜਾਂਦੇ ਹਨ। ਇਹਨਾਂ ਸਬਜ਼ੀਆਂ ਦੀ ਵਿਕਰੀ ਮੁੱਖ ਤੌਰ 'ਤੇ ਕੰਕਦਹਾੜ, ਭੁਵਨ, ਕਾਮਾਖਿਆਨਗਰ ਅਤੇ ਜਿਲ੍ਹਾ ਮੁੱਖ ਦਫ਼ਤਰ ਢੇਂਕਾਨਾਲ ਦੀਆਂ ਮੰਡੀਆਂ ਵਿੱਚ ਕੀਤੀ ਜਾਂਦੀ ਹੈ। ਇਸਤੋਂ ਇਲਾਵਾ, ਸਬਜ਼ੀਆਂ ਦੀ ਵਿਕਰੀ ਬਿਚੋਲੀਆਂ ਜਾਂ ਵਪਾਰੀਆਂ ਰਾਹੀਂ ਵੀ ਕੀਤੀ ਜਾਂਦੀ ਹੈ ਜੋ ਅੱਗੇ ਇਹਨਾਂ ਨੂੰ ਕਟਕ ਅਤੇ ਭੁਵਨੇਸ਼ਵਰ ਦੇ ਬਾਜ਼ਾਰਾਂ ਵਿੱਚ ਸਪਲਾਈ ਕਰਦੇ ਹਨ।

ਬਦਲਾਅ ਅਤੇ ਪ੍ਰਭਾਵ

ਜੈਵਿਕ ਸਬਜ਼ੀ ਖੇਤੀ ਤਰੀਕਿਆਂ ਨੂੰ ਅਪਣਾਉਣ ਨਾਲ ਰਸਾਇਣਿਕ ਕੀਟਨਾਸ਼ਕਾਂ ਅਤੇ ਖਾਦਾਂ ਦੀ ਵਰਤੋਂ ਵਿੱਚ ਮਹੱਤਵਪੂਰਨ ਕਮੀ ਆਈ। ਜ਼ਿਆਦਾ ਵਾਰ ਫਸਲਾਂ ਉਗਾਉਣ ਕਰਕੇ ਸਾਲ ਭਾਰ ਸਬਜ਼ੀਆਂ ਦਾ ਉਤਪਾਦਨ ਸੰਭਵ ਹੋਇਆ। ਜੈਵਿਕ ਉਤਪਾਦਾਂ ਦੀ ਵਰਤੋਂ ਕਰਕੇ ਅਤੇ ਬੀਜ ਸੰਭਾਲ ਕਰਕੇ ਖੇਤੀ ਦੀ ਲਾਗਤ ਵਿੱਚ ਕਾਫ਼ੀ ਕਮੀ ਆਈ ਅਤੇ ਇਸਦੇ ਨਾਲ ਹੀ ਖੇਤੀ ਦੀ ਲਾਗਤ ਵਿੱਚ ਕਮੀ ਅਤੇ ਬਾਜ਼ਾਰ ਤੱਕ ਬਿਹਤਰ ਪਹੁੰਚ ਕਰਕੇ ਸਬਜ਼ੀਆਂ ਤੋਂ ਹੋਣ ਵਾਲੀ ਆਮਦਨੀ ਵਿੱਚ 30 ਤੋਂ 50 ਪ੍ਰਤੀਸ਼ਤ ਦਾ ਵਾਧਾ ਹੋਇਆ।

350 ਤੋਂ ਵੱਧ ਕਿਸਾਨਾਂ, ਜਿੰਨ੍ਹਾਂ ਵਿੱਚ 60% ਮਹਿਲਾਵਾਂ ਹਨ, ਨੂੰ ਸਿਖਲਾਈ ਦਿੱਤੀ ਗਈ ਅਤੇ ਉਹਨਾਂ ਨੂੰ ਸਰਗਰਮ ਉਤਪਾਦਕ ਸਮੂਹਾਂ ਉੱਚ ਸੰਗਠਿਤ ਕੀਤਾ ਗਿਆ। ਇਹਨਾਂ ਸਮੂਹਾਂ ਨੇ ਪੋਸ਼ਣ ਬਗੀਚੀਆਂ ਸ਼ੁਰੂਕੀਤੀਆਂ, ਜਿਸ ਨਾਲ ਘਰੇਲੂਖਾਧ ਸੁਰੱਖਿਆ ਵਧੀ, ਭੋਜਨ ਵਿੱਚ ਵਿਭਿੰਨਤਾ ਆਈ ਅਤੇ ਸਵੈ ਸਹਾਇਤਾ ਸਮੂਹਾਂ ਨਾਲ ਜੁੜੀਆਂ ਮਹਿਲਾਵਾਂ ਵਿੱਚ ਸਮੂਹਿਕ ਫੈਸਲਾ ਲੈਣ ਦੀ ਸਮਰੱਥਾ ਮਜ਼ਬੂਤ ਹੋਈ। ਇਸ ਤੋਂ ਇਲਾਵਾ, ਜੈਵਿਕ ਖਾਦਾਂ, ਫਸਲ ਢਕਣ, ਮਲਚਿੰਗ ਅਤੇ ਖੇਤ ਤਾਲਾਬਾਂ ਦੇ ਪਾਣੀ ਨਾਲ ਸਿੰਚਾਈ ਕਰਨ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਸੁਧਾਰ ਆਇਆ, ਜੈਵ ਵਿਭਿੰਨਤਾ ਵਧੀ, ਪਰਾਗਣ ਵਾਲੇ ਕੀੜ੍ਹਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਅਤੇ ਪਾਣੀ ਦੀ ਸੰਭਾਲ ਨੂੰ ਯਕੀਨੀ ਬਣਾਇਆ ਗਿਆ।

ਇਸ ਪਹਿਲ ਨਾਲ ਕੀਟ ਪ੍ਰਬੰਧਨ ਅਤੇ ਬੀਜ ਸੰਭਾਲ ਨਾਲ ਜੁੜੇ ਪ੍ਰੰਪਰਿਕ ਗਿਆਨ ਨੂੰ ਮੁੜ ਬਹਾਲ ਕਰਨ ਵਿੱਚ ਮਹੱਤਵਪੂਰਨ ਸਫਲਤਾ ਮਿਲੀ ਹੈ। ਇਸ ਨਾਲ ਨਾ ਸਿਰਫ਼ ਖੇਤੀ ਵਾਤਾਵਰਣ ਅਨੁਕੂਲਤਾ ਵਧੀ ਹੈ ਬਲਕਿ ਸੱਭਿਆਚਾਰਕ ਵਿਰਾਸਤ ਨੂੰ ਵੀ ਹੁੰਗਾਰਾ ਮਿਲਿਆ ਹੈ। ਇਸ ਪਹਿਲ ਦੇ ਨਤੀਜੇ ਵਜੋਂ ਕਿਸਾਨਾਂ ਦੀ ਸੋਚ ਵਿੱਚ ਵੀ ਮਹੱਤਵਪੂਰਨ ਬਦਲਾਅ ਆਇਆ ਹੈ – ਹੁਣ ਉਹ ਸਿਰਫ਼ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਲੀ ਖੇਤੀ ਤੋਂ ਸਵੈ-ਨਿਰਭਰ ਅਤੇ ਬਾਜ਼ਾਰ ਮੁਖੀ ਜੈਵਿਕ ਖੇਤੀ ਦੇ ਮਾਡਲ ਨੂੰ ਅਪਣਾਉਣ ਵੱਲ ਅੱਗੇ ਵਧੇ ਹਨ।

ਸਫਲਤਾ ਦੇ ਮੁੱਖ ਕਾਰਕ ਅਤੇ ਜ਼ਮੀਨੀ ਪੱਧਰ 'ਤੇ ਸਬਕ

ਇਸ ਪਹਿਲ ਦੀ ਸਫਲਤਾ ਦੇ ਮੁੱਖ ਕਾਰਨ ਹੇਠ ਲਿਖੇ ਹਨ:

- ਭਾਗੀਦਾਰੀ ਆਧਾਰਿਤ ਅਤੇ ਸਮੁਦਾਇ ਕੇਂਦ੍ਰਿਤ ਪਹੁੰਚ ਅਪਣਾਈ ਗਈ ਜਿਸ ਨਾਲ ਸਮੁਦਾਇ ਵਿੱਚ ਮਾਲਕੀ ਦੀ ਭਾਵਨਾ ਪੈਦਾ ਹੋਈ
- ਅਨੁਭਵ ਆਧਾਰਿਤ ਸਿਖਲਾਈ ਰਾਹੀਂ ਸਥਾਨਕ ਸਮੱਗਰੀ ਅਤੇ ਸਰੋਤਾਂ ਦੀ ਵਰਤੋਂ ਕਰਕੇ ਸਿਖਲਾਈ ਦਿੱਤੀ ਗਈ ਜਿਸ ਨਾਲ ਵਿਹਾਰਕ ਗਿਆਨ ਵਧਿਆ ਅਤੇ ਤਰੀਕਿਆਂ ਨੂੰ ਵੱਡੇ ਪੱਧਰ 'ਤੇ ਅਪਣਾਉਣ ਲਈ ਪ੍ਰੇਰਣਾ ਮਿਲੀ।
- ਸਵੈ-ਸਹਾਇਤਾ ਸਮੂਹਾਂ ਰਾਹੀਂ ਮਹਿਲਾਵਾਂ ਦੀ ਸਰਗਰਮ ਭਾਗੀਹਦਾਰੀ ਨੇ ਪਰਿਵਾਰਕ ਪੱਧਰ 'ਤੇ ਇਹਨਾਂ ਅਭਿਆਸਾਂ ਨੂੰ ਅਪਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਨਾਲ ਪੋਸ਼ਣ, ਆਮਦਨ ਅਤੇ ਸਮੂਹਿਕ ਫੈਸਲੇ ਲੈਣ ਦੀ ਸਮਰੱਥਾ ਮਜ਼ਬੂਤ ਹੋਈ।
- ਸਥਾਨਕ ਮੌਸਮ ਸੰਬੰਧੀ ਜਾਣਕਾਰੀ ਜਿਵੇਂ ਕਿ ਵਰਖਾ, ਤਾਪਮਾਨ, ਨਮੀ ਅਤੇ ਮੌਸਮੀ ਪੂਰਵ-ਅਨੁਮਾਨ ਅਤੇ ਬਾਜ਼ਾਰ ਸੰਬੰਧੀ ਜਾਣਕਾਰੀ ਨੇ ਕਿਸਾਨਾਂ ਨੂੰ ਬਿਹਤਰ ਯੋਜਨਾਬੰਦੀ ਕਰਨ, ਭਰੋਸੇ ਨਾਲ ਬਦਲਦੇ ਹਾਲਾਤਾਂ ਅਨੁਸਾਰ ਆਪਣੇ ਆਪ ਨੂੰ ਢਾਲਣ ਅਤੇ ਫਸਲਾਂ ਦੀ ਚੋਣ ਅਤੇ ਸੰਸਾਧਨਾਂ ਦੀ ਵਰਤੋਂ ਬਾਰੇ ਸੂਝ-ਬੂਝ ਨਾਲ ਫੈਸਲੇ ਲੈਣ ਵਿੱਚ ਮੱਦਦ ਕੀਤੀ। ਇਸ ਜਾਣਕਾਰੀ ਨਾਲ ਕਿਸਾਨਾਂ ਨੂੰ ਬਿਜਾਈ, ਸਿੰਚਾਈ ਅਤੇ ਜਲਵਾਯੂਜੋਖ਼ਮਾਂ ਤੋਂ ਫਸਲਾਂ ਦੀ ਸੁਰੱਖਿਆ ਲਈ ਸਮੇਂ ਸਿਰ ਯੋਜਨਾ ਬਣਾਉਣ ਵਿੱਚ ਵੀ ਸਹਾਇਤਾ ਮਿਲੀ।
- ਘੱਟ ਬਾਹਰੀ ਨਿਵੇਸ਼ ਵਾਲੀ ਟਿਕਾਊ ਖੇਤੀ (ਲੀਜ਼ਾ) ਉਸ ਵੇਲੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਸਾਬਤ ਹੋਈ ਜਦੋਂ ਇਸਨੂੰ ਸਥਾਨਕ ਵਾਤਾਵਰਣੀ ਪਰਿਸਥਿਤੀਆਂ ਅਨੁਸਾਰ ਅਤੇ ਖ਼ਾਸ ਕਰਕੇ ਮਹਿਲਾਵਾਂ ਵੱਲੋਂ ਸੰਭਾਲੇ ਗਏ ਪ੍ਰੰਪਰਿਕ ਗਿਆਨ ਨਾਲ ਜੋੜ ਕੇ ਲਾਗੂਕੀਤਾ ਗਿਆ।
- ਪਾਣੀ ਦੀ ਕੁਸ਼ਲ ਵਰਤੋਂ ਵਾਲੀਆਂ ਅਤੇ ਜਲਵਾਯੂਅਨੁਕੂਲ ਫਸਲੀ ਪੱਦਤੀਆਂ ਨੂੰ ਸਥਾਨਕ ਮੌਸਮ ਦੇ ਪੂਰਵ-ਅਨੁਮਾਨ ਨਾਲ ਜੋੜ ਕੇ ਅਪਣਾਉਣ ਨਾਲ ਕਿਸਾਨਾਂ ਦੀ ਜਲਵਾਯੂਪਰਿਵਰਤਨ ਦਾ ਮੁਕਾਬਲਾ ਕਰਨ ਦੀ ਸਮਰੱਥਾ ਵਧੀ ਅਤੇ ਅਨਿਯਮਿਤ ਮੀਂਹ ਅਤੇ ਮੌਸਮੀ ਤਬਦੀਲੀਆਂ ਨਾਲ ਜੁੜੇ ਖ਼ਤਰਿਆਂ ਵਿੱਚ ਕਮੀ ਆਈ।
- ਕਿਸਾਨਾਂ ਵੱਲੋਂ ਲਗਾਏ ਗਏ ਖੇਤ ਪ੍ਰਦਰਸ਼ਨ ਸਿੱਖਣ ਦੇ ਪ੍ਰਭਾਵਸ਼ਾਲੀ ਸਾਧਨ ਸਾਬਤ ਹੋਏ। ਇਹਨਾਂ ਨਾਲ ਕਿਸਾਨਾਂ ਵਿੱਚ ਭਰੋਸਾ, ਭਾਈਚਾਰਕ ਭਾਗੀਦਾਰੀ ਅਤੇ ਲੰਬੇ ਸਮੇਂ ਤੱਕ ਟਿਕਾਊਨਤੀਜੇ ਪ੍ਰਾਪਤ ਹੋਏ, ਜੋ ਉੱਪਰੋਂ ਥੋਪੇ ਗਏ ਪ੍ਰਚਾਰ ਤਰੀਕਿਆਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਸਨ।

ਸਮਰੱਥਾ ਨਿਰਮਾਣ, ਸੰਸਥਾਗਤ ਬਾਜ਼ਾਰ ਨਾਲ ਜੋੜ, ਸਰਕਾਰੀ ਯੋਜਨਾਵਾਂ ਨਾਲ ਜੋੜਨਾ ਅਤੇ ਸੇਵਾਵਾਂ ਦੀ ਨਿਰੰਤਰਤਾ ਲਈ ਸਥਾਨਕ ਖੇਤੀ ਉੱਦਮਾਂ ਨੂੰ ਵਿਕਸਤ ਕਰਨਾ ਆਦਿ ਦੁਆਰਾ ਪਹਿਲ ਦੀ ਸਥਿਰਤਾ ਨੂੰ ਯਕੀਨੀ ਬਣਾਇਆ ਗਿਆ। ਇਸਤੋਂ ਇਲਾਵਾ ਪਹਿਲ ਨੂੰ ਹੋਰ ਵੱਡੇ ਪੱਧਰ 'ਤੇ ਫੈਲਾਉਣ ਲਈ ਬਿਹਤਰ ਕੋਲਡ ਸਟੋਰੇਜ਼ ਢਾਂਚਾ, ਖੇਤੀ ਸਲਾਹਕਾਰ ਪ੍ਰਣਾਲੀਆਂ ਅਤੇ ਲਿਜ਼ੀਟਲ ਮੰਡੀਕਰਨ ਵਰਗੀਆਂ ਰਣਨੀਤੀਆਂ ਨੂੰ ਵੀ ਅਪਣਾਉਣ ਦੀ ਯੋਜਨਾ ਹੈ।

ਸਿੱਟਾ

ਭੁਵਨ ਅਤੇ ਕੰਕਦਹਾੜ ਮਾਡਲ ਇਹ ਦਰਸਾਉਂਦਾ ਹੈ ਕਿ ਵਿਭਿੰਨ, ਵਿਕੇਂਦ੍ਰੀਕ੍ਰਿਤ ਅਤੇ ਵਾਤਾਵਰਣ ਪੱਖੀ ਖੇਤੀ ਪੱਦਤੀਆਂ ਰਾਹੀਂ ਜਲਵਾਯੂਅਨੁਕੂਲਤਾ ਨੂੰ ਸੰਭਵ ਬਣਾਇਆ ਜਾ ਸਕਦਾ ਹੈ। ਘੱਟ ਲਾਗਤ ਵਾਲੀ ਸਬਜ਼ੀ ਉਤਪਾਦਨ ਦੇ ਮਾਡਲ ਦੀ ਸਫਲਤਾ ਇਹ ਸਾਬਤ ਕਰਦੀ ਹੈ ਕਿ ਇਹ ਮਾਡਲ ਵਰਖਾ ਆਧਾਰਿਤ ਅਤੇ ਸੀਮਾਂਤ ਖੇਤਰਾਂ ਵਿੱਚ ਵੀ ਸਫਲਤਾਪੂਰਵਕ ਲਾਗੂਕੀਤਾ ਜਾ ਸਕਦਾ ਹੈ। ਮਹਾਂਸ਼ਕਤੀ ਫਾਊਂਡੇਸ਼ਨ ਓਡੀਸ਼ਾ ਦੇ ਵੱਖ-ਵੱਖ ਖੇਤਰਾਂ ਵਿੱਚ ਇਸ ਮਾਡਲ ਨੂੰ ਹੋਰ ਵੱਡੇ ਪੱਧਰ 'ਤੇ ਲਾਗੂਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।ਇਸ ਨਾਲ ਗ੍ਰਾਮੀਣ ਆਜੀਵਿਕਾ ਅਤੇ ਸਥਾਨਕ ਭੋਜਨ ਸੁਰੱਖਿਆ ਨੂੰ ਮਜ਼ਬੂਤੀ ਮਿਲ ਰਹੀ ਹੈ। ਇਸਦੇ ਨਾਲ ਹੀ ਮੌਸਮ ਆਧਾਰਿਤ ਸਲਾਹਾਂ ਅਤੇ ਜਲਵਾਯੂਸਮਾਰਟ ਫਸਲ ਕੈਲੰਡਰ ਤਿਆਰ ਕਰਨ ਦੀ ਵੀ ਯੋਜਨਾ ਹੈ। ਨੀਤੀ ਪੱਧਰ 'ਤੇ ਇਸ ਘੱਟ ਲਾਗਤ ਵਾਲੇ ਸਬਜ਼ੀ ਉਤਪਾਦਨ ਦੇ ਮਾਡਲ ਨੂੰ ਰਾਜ ਖੇਤੀ ਮਿਸ਼ਨ ਅਤੇ ਮਗਨਰੇਗਾ ਨਾਲ ਜੋੜ ਕੇ ਲੋੜੀਂਦੇ ਸਰੋਤ ਉਪਲਬਧ ਕਰਵਾਏ ਜਾਣ, ਸਵੈ-ਸਹਾਇਤਾ ਸਮੂਹਾਂ/ਉਤਪਾਦਕ ਸਮੂਹਾਂ ਦ ਵਿੱਚ ਪਿੰਡ ਪੱਧਰ 'ਤੇ ਜੈਵ ਉਤਪਾਦਾਂ ਦੀਆਂ ਇਕਾਈਆਂ ਨੂੰ ਪ੍ਰੋਤਸ਼ਾਹਿਤ ਕੀਤਾ ਜਾਵੇ ਅਤੇ ਗ੍ਰਾਮੀਣ ਹਾਟਾਂ ਅਤੇ ਡਿਜ਼ੀਟਲ ਮੰਚਾਂ ਰਾਹੀਂ ਜੈਵਿਕ ਉਤਪਾਦਨ ਦੇ ਮੰਡੀਕਰਨ ਨੂੰ ਪ੍ਰੋਤਸ਼ਾਹਿਤ ਕੀਤਾ ਜਾਵੇ।

ਸੰਦਰਭ

1. LEISA India (2022). Sustainable Farming for a Changing Climate. AME Foundation.
2. Ministry of Agriculture & Farmers Welfare (2023). Best Practices on Organic Vegetable Farming. Government of India.
3. Mahashakti Foundation (2024). Annual Report: Climate-Resilient Agriculture Initiatives in Dhenkanal.

ਆਸ਼ੁਤੋਸ਼ ਪਾਲ ਅਤੇ ਅਮਰ ਕੁਮਾਰ ਗੌੜਾ

ਮਹਾਂਸ਼ਕਤੀ ਫਾਊਂਡੇਸ਼ਨ

ਪਲਾਟ ਨੰ: -05, ਐਚਆਈਜੀ, ਧਰਮ ਵਿਹਾਰ, ਖੰਡਗਿਰੀ, ਭੁਵਨੇਸ਼ਵਰ, ਓਡੀਸ਼ਾ - 751030

ਈਮੇਲ :ashutoshpal@mahashaktiindia.org

Source : Sustainalbe Vegetable Farming Sep. 2025

LEISA INDIA, Vol.27, No. 3, Sep. P-6-11

ਟ੍ਰੈਲਿਸ ਉੱਪਰ ਸਬਜ਼ੀਆਂ ਦੀ ਖੇਤੀ : ਛੋਟੇ ਕਿਸਾਨਾਂ ਲਈ ਆਮਦਨੀ ਵਧਾਉਣ ਦੀ ਇੱਕ ਉਮੀਦ

ਯੋਗੇਸ਼ ਜੀ. ਸਾਗਰ ਜਾਧਵ, ਕੁੰਜਨਕੁਮਾਰ ਪਟੇਲ ਅਤੇ ਮਹੇਸ਼ ਪਟੇਲ

ਟ੍ਰੈਲਿਸ ਆਧਾਰਿਤ ਸਬਜ਼ੀ ਉਤਪਾਦਨ ਇੱਕ ਟਿਕਾਊਖੇਤੀ ਪ੍ਰਣਾਲੀ ਹੈ, ਜੋ ਸੂਰਜੀ ਰੌਸ਼ਨੀ ਦੀ ਵੱਧ ਤੋਂ ਵੱਧ ਵਰਤੋਂ ਕਰਦੀ ਹੈ, ਹਵਾ ਦੇ ਸੰਚਾਰ ਨੂੰ ਰਿਹਤਰ ਬਣਾਉਂਦੀ ਹੈ ਅਤੇ ਕਈ ਤਹਿਆਂ ਵਾਲੀ ਫਸਲ ਪ੍ਰਣਾਲੀ ਨੂੰ ਪ੍ਰੋਤਸ਼ਾਹਿਤ ਕਰਦੀ ਹੈ। ਇਸ ਤਰੀਕੇ ਨੂੰ ਅਪਣਾ ਕੇ ਭਾਰਤ ਦੇ ਕਈ ਰਾਜਾਂ ਵਿੱਚ 10,000 ਤੋਂ ਵੱਧ ਛੋਟੇ ਅਤੇ ਸੀਮਾਂਤ ਕਿਸਾਨਾਂ ਨੇ ਆਪਣੀ ਖੁਰਾਕ, ਪੋਸ਼ਣ ਅਤੇ ਆਮਦਨ ਸੁਰੱਖਿਆ ਵਿੱਚ ਮਹੱਤਵਪੂਰਨ ਸੁਧਾਰ ਕੀਤਾ ਹੈ।

ਸਬਜ਼ੀਆਂ ਦੀ ਉਪਲਭਦਤਾ ਨਾਲ ਘਰੇਲੂ ਪੋਸ਼ਣ ਵਿੱਚ ਸੁਧਾਰ ਹੋਇਆ।

ਭਾਰਤ ਦੇ ਜ਼ਿਆਦਾਤਰ ਕਿਸਾਨਾਂ ਕੋਲ ਛੋਟੀਆਂ ਅਤੇ ਛੋਟੇ-ਛੋਟੇ ਟੁਕੜਿਆਂ ਵਿੱਚ ਵੰਡੀਆਂ ਜ਼ਮੀਨਾਂ ਹਨ, ਜਿਸ ਕਾਰਨ ਖੇਤੀ ਤੋਂ ਆਪਣੀ ਆਮਦਨ ਵਧਾਉਣ ਦੇ ਮੌਕੇ ਸੀਮਤ ਰਹਿ ਜਾਂਦੇ ਹਨ। ਸੀਮਾਂਤ ਕਿਸਾਨਾਂ ਦੇ ਸਾਲਾਨਾ ਸਰਵੇਖਣ ਅਨੁਸਾਰ, ਭਾਰਤ ਵਿੱਚ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਵਾਲੇ ਛੋਟੇ ਅਤੇ ਸੀਮਾਂਤ ਕਿਸਾਨ ਦੇਸ਼ ਦੇ ਕੁੱਲ ਕਿਸਾਨਾਂ ਦਾ 86 ਫ਼ੀਸਦੀ ਹਨ, ਪਰ ਉਹਨਾਂ ਦੇ ਹਿੱਸੇ ਵਿੱਚ ਕੁੱਲ ਫ਼ਸਲੀ ਖੇਤਰ ਦਾ ਕੇਵਲ 47 ਫ਼ੀਸਦੀ ਹਿੱਸਾ ਹੀ ਆਉਂਦਾ ਹੈ (10ਵੀਂ ਖੇਤੀ ਜਣਗਣਨਾ। ਛੋਟੀ ਜੋਤ ਵਾਲੇ ਕਿਸਾਨ, ਜੋ ਮੁੱਖ ਤੌਰ 'ਤੇ ਅਨਾਜ ਵਾਲੀਆਂ ਫ਼ਸਲਾਂ ਦੀ ਖੇਤੀ ਕਰਦੇ ਹਨ, ਅਕਸਰ ਬਹੁਤ ਘੱਟ ਜਾਂ ਨਾਂ ਦੇ ਬਰਾਬਰ ਆਰਥਿਕ ਲਾਭ ਪ੍ਰਾਪਤ ਕਰਦੇ ਹਨ। ਖੇਤੀ ਕਰਜ਼ਿਆਂ ਬਾਰੇ ਰਾਧਾਕ੍ਰਿਸ਼ਨਨ ਕਮੇਟੀ ਦੀ ਰਿਪੋਰਟ ਅਨੁਸਾਰ, ਜੇਕਰ ਉਹਨਾਂ ਨੂੰ ਮੌਕਾ ਮਿਲੇ ਤਾਂ ਬਹੁਤ ਸਾਰੇ ਕਿਸਾਨ ਖੇਤ ਦੀ ਬਜਾਏ ਕੋਈ ਹੋਰ ਰੁਜ਼ਗਾਰ ਅਪਣਾਉਣਾ ਪਸੰਦ ਕਰਨਗੇ। ਖੇਤੀ ਦੀ ਛੋਟੀ ਅਵਧੀ, ਘਟਦੀ ਫਸਲੀ ਵਿਭਿੰਨਤਾ, ਬੇਮੌਸਮੀ ਅਤੇ ਅਨਿਸ਼ਚਿਤਤ ਵਰਖਾ, ਪਾਣੀ ਦੀ ਘਾਟ, ਉੱਨਤ ਖੇਤੀ ਤਕਨੀਕਾਂਅਤੇ ਉੱਚ ਮੁੱਲ ਵਾਲੀਆਂ ਨਕਦੀ ਫ਼ਸਲਾਂ ਬਾਰੇ ਜਾਣਕਾਰੀ ਦੀ ਕਮੀ ਅਤੇ ਮੰਡੀ ਤੱਕ ਪਹੁੰਚ ਨਾਲ ਜੁੜੀਆਂ ਮੁਸ਼ਕਲਾਂ ਕਾਰਨ ਛੋਟੇ ਕਿਸਾਨਾਂ ਨੂੰ ਅਕਸਰ ਘੱਟ ਆਮਦਨ ਹੁੰਦੀ ਹੈ। ਖੇਤੀ ਤੋਂ ਮਿਲਣ ਵਾਲੀ ਇਹ ਘੱਟ ਆਮਦਨੀ ਬਹੁਤ ਸਾਰੇ ਕਿਸਾਨ ਪਰਿਵਾਰਾਂ ਨੂੰ ਰੋਜ਼ੀ-ਰੋਟੀ ਲਈ ਪਰਵਾਸ ਕਰਨ ਲਈ ਮਜਬੂਰ ਕਰ ਦਿੰਦੀ ਹੈ।

ਇਸ ਪ੍ਰਸੰਗ ਵਿੱਚ, ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਵਿਭਿੰਨ ਅਤੇ ਉੱਚ ਮੁੱਲ ਵਾਲੀਆਂ ਫ਼ਸਲਾਂ ਦੀ ਖੇਤੀ ਅਪਣਾਉਣਾ ਅਤੇ ਪ੍ਰਤਿ ਇਕਾਈ ਖੇਤਰ ਤੋਂ ਫਸਲਾਂ ਦੀ ਆਮਦਨ ਵਿੱਚ ਵਾਧਾ ਕਰਨਾ ਜ਼ਰੂਰੀ ਹੈ। ਇਸਲਈ ਖੇਤ ਦੇ ਖਿਤਿਜੀ ਅਤੇ ਲੰਬਕਾਰੀ ਦੋਵੇਂ ਸਥਾਨਾਂ ਦੇ ਨਾਲ-ਨਾਲ ਸੂਰਜੀ ਰੌਸ਼ਨੀ ਦੀ ਵੀ ਕੁਸ਼ਲਤਾਪੂਰਵਕ ਵਰਤੋਂ ਕਰਨੀ ਲਾਜ਼ਮੀ ਹੈ। ਇਸਦੇ ਨਾਲ ਹੀ, ਮਿੱਟੀ ਅਤੇ ਪਾਣੀ ਵਰਗੇ ਕੁਦਰਤੀ ਸਰੋਤਾਂ ਦਾ ਵੀ ਕੁਸ਼ਲਤਾ ਨਾਲ ਪ੍ਰਯੋਗ ਕੀਤਾ ਜਾਣਾ ਚਾਹੀਦਾ ਹੈ।

ਦੱਖਣੀ ਗੁਜਰਾਤ ਦਾ ਉਹ ਖੇਤਰ, ਜਿੱਥੇ ਬੀਏਆਈਐਫ ਨੇ ਕੰਮ ਕਰਨਾ ਸ਼ੁਰੂਕੀਤਾ, ਪਹਾੜੀ ਭੂ-ਭਾਗ ਵਾਲਾ ਹੈ ਅਤੇ ਇੱਥੇ ਸਾਲਾਨਾ ਲਗਭਗ 2,700 ਮਿਲੀਮੀਟਰ ਵਰਖਾ ਹੁੰਦੀ ਹੈ। ਇੱਥੋਂ ਦੀ ਮਿੱਟੀ ਮੁੱਖ ਤੌਂਰ 'ਤੇ ਲਾਲ ਲੈਟਰਾਈਟ ਕਿਸਮ ਦੀ ਹੈ, ਜਿਸ ਵਿੱਚ ਪੌਸ਼ਟਿਕ ਤੱਤਾਂ ਅਤੇ ਜੈਵਿਕ ਪਦਾਰਥਾਂ ਦੀ ਘਾਟ ਪਾਈ ਜਾਂਦੀ ਹੈ। ਇੱਥੋਂ ਦੇ ਬਹੁਤੇ ਕਿਸਾਨ ਅਨੁਸੂਚਿਤ ਜਨਜਾਤੀਆਂ ਨਾਲ ਸੰਬੰਧਿਤ ਹਨ ਅਤੇ ਉਹਨਾਂ ਦੀ ਔਸਤ ਜੋਤ ਇੱਕ ਹੈਕਟੇਅਰ ਤੋਂ ਵੀ ਘੱਟ ਹੈ। ਇਸ ਖੇਤਰ ਵਿੱਚ ਖੇਤੀ ਮੁੱਖ ਤੌਰ 'ਤੇ ਗੁਜ਼ਾਰੇ ਤੱਕ ਹੀ ਸੀਮਤ ਹੈ। ਝੋਨਾ, ਰਾਗੀ ਅਤੇ ਮਾਂਹ ਦੀ ਖੇਤੀ ਮੁੱਖ ਤੌਰ 'ਤੇ ਕੀਤੀ ਜਾਂਦੀ ਸੀ ਅਤੇ ਇਹ ਖੇਤੀ ਆਮ ਤੌਰ 'ਤੇ ਮਾਨਸੂਨ ਦੇ ਮੌਸਮ ਤੱਕ ਹੀ ਸੀਮਿਤ ਰਹਿੰਦੀ ਸੀ ਅਤੇ ਝੋਨੇ ਹੇਠ ਰਕਬਾ ਲਗਾਤਾਰ ਵਧ ਰਿਹਾ ਸੀ। ਖਰੀਫ਼ ਫਸਲ ਦੀ ਕਟਾਈ ਤੋਂ ਬਾਅਦ ਬਹੁਤੇ ਕਿਸਾਨਾਂ ਨੂੰ ਆਪਣੀ ਰੋਜ਼ੀ-ਰੋਟੀ ਲਈ ਪਰਵਾਸ ਕਰਨਾ ਪੈਂਦਾ ਹੈ।

ਇਹਨਾਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਬੀਏਆਈਐਫ ਨੇ ਦੱਖਣੀ ਗੁਜਰਾਤ ਵਿੱਚ ਵਾੜੀ (ਖੇਤੀ -ਬਾਗਬਾਨੀ -ਜੰਗਲ ਵਿਵਸਥਾ) ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਖੇਤੀ ਵਿਵਸਥਾ ਵਿੱਚ ਫਲਦਾਰ ਅਤੇ ਜੰਗਲੀ ਰੁੱਖਾਂ ਨੂੰ ਸ਼ਾਮਲ ਕਰਨਾ ਸੀ। ਅਸਲ ਵਿੱਚ, ਇਹ ਰੁੱਖ ਪਰਿਵਾਰਾਂ ਲਈ

ਲੰਬੇ ਸਮੇਂ ਤੱਕ ਟਿਕਾਊਅਤੇ ਭਰੋਸੇਯੋਗ ਆਜੀਵਿਕਾ ਦਾ ਸਰੋਤ ਬਣਦੇ ਹਨ। ਹਾਲਾਂਕਿ ਫਲਦਾਰ ਅਤੇ ਵਣ ਰੁੱਖਾਂ ਨੂੰ ਪੂਰਾ ਉਤਪਾਦਨ ਦੇਣ ਅਤੇ ਲਾਭ ਦੇਣ ਵਿੱਚ ਕੁੱਝ ਸਮਾਂ ਲੱਗਦਾ ਹੈ। ਇਹ ਵੀ ਦੇਖਿਆ ਗਿਆ ਕਿ ਬਹੁਤ ਛੋਟੀ ਜੋਤ ਵਾਲੇ ਕਿਸਾਨ ਇਸ ਵਾੜੀ ਪ੍ਰੋਗਰਾਮ ਵਿੱਚ ਹਿੱਸਾ ਨਹੀਂ ਲੈ ਸਕਦੇ। ਇਸ ਲਈ ਅਜਿਹੇ ਪਰਿਵਾਰਾਂ ਦੀ ਆਮਦਨ ਅਤੇ ਆਜੀਵਿਕਾ ਵਿੱਚ ਸੁਧਾਰ ਲਈ ਇੱਕ ਵਿਕਲਪਕ ਅਤੇ ਤੁਰੰਤ ਲਾਭ ਦੇਣ ਵਾਲੇ ਮਾਡਲ ਦੀ ਲੋੜ ਮਹਿਸੂਸ ਕੀਤੀ ਗਈ।

ਸ਼ਹਿਰੀ ਆਬਾਦੀ ਵੱਲੋਂ ਵਧਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ, ਚੁਣੌਤੀਆਂ ਦਾ ਹੱਲ ਕੱਢਣ ਲਈ ਬਾਗਬਾਨੀ ਅਤੇ ਸਬਜ਼ੀਆਂ ਦੀ ਖੇਤੀ ਦੇ ਰੂਪ ਵਿੱਚ ਉੱਚ ਮੁੱਲ ਵਾਲੀ ਖੇਤੀ ਮਾਡਲ ਪਾਇਲਟ ਪੱਧਰ 'ਤੇ ਸ਼ੁਰੂਕੀਤੇ ਗਏ। ਹਾਲਾਂਕਿ ਕਈ ਤਰ੍ਹਾਂ ਦੀਆਂ ਸਬਜ਼ੀਆਂ ਦੀਆਂ ਫ਼ਸਲਾਂ ਨੂੰ ਉਤਸ਼ਾਹਿਤ ਕੀਤਾ ਗਿਆ, ਪਰ ਬਹੁ-ਤਹਿਆਂ ਵਾਲੀ ਟ੍ਰੈਲਿਸ ਆਧਾਰਿਤ ਸਬਜ਼ੀ ਖੇਤੀ ਪ੍ਰਣਾਲੀ ਨੂੰ ਸਮੁਦਾਇ ਵੱਲੋਂ ਸਭ ਤੋਂ ਵੱਧ ਸਵੀਕਾਰਤਾ ਅਤੇ ਪ੍ਰਸਿੱਧੀ ਮਿਲੀ।

ਟ੍ਰੈਲਿਸ ਆਧਾਰਿਤ ਬਹੁ-ਤਹਿਆਂ ਵਾਲੀ ਸਬਜ਼ੀ ਖੇਤੀ ਦੀਆਂ ਮੁੱਖ ਵਿਸ਼ੇਸ਼ਤਾਵਾਂ

- ਇਸ ਪ੍ਰਣਾਲੀ ਅਧੀਨ ਆਮ ਤੌਰ 'ਤੇ ਖੀਰਾ, ਕਰੇਲਾ, ਲੌਕੀ, ਤੋਰੀ, ਫਲੀਆਂ, ਮਟਰ ਅਤੇ ਕੱਦੂਵਰਗੀਆਂ ਫਸਲਾਂ ਦੀ ਖੇਤੀ ਕੀਤੀ ਜਾਂਦੀ ਹੈ।
- ਇਹ ਤਰੀਕਾ ਵੇਲਦਾਰ ਅਤੇ ਚੜ੍ਹਨ ਵਾਲੀਆਂ ਫਸਲਾਂ ਦੇ ਉਚਿਤ ਵਿਕਾਸ ਅਤੇ ਬਹੁ-ਤਹਿਆਂ ਵਾਲੀ ਖੇਤੀ ਨੂੰ ਉਤਸ਼ਾਹਿਤ ਕਰਦਾ ਹੈ।
- ਇਹ ਲੰਬਕਾਰੀ ਥਾਂ ਦੀ ਪ੍ਰਭਾਵਸ਼ਾਲੀ ਵਰਤੋਂ ਯਕੀਨੀ ਬਣਾਉਂਦਾ ਹੈ, ਜਿਸ ਕਰਕੇ ਇਹ ਛੋਟੀਆਂ ਜੋਤਾਂ ਲਈ ਬਹੁਤ ਫਾਇਦੇਮੰਦ ਹੈ।
- ਪੱਤਿਆਂ ਅਤੇ ਫਲਾਂ ਨੂੰ ਇਕਸਾਰ ਸੂਰਜੀ ਰੌਸ਼ਨੀ ਮਿਲਦੀ ਹੈ, ਜਿਸ ਨਾਲ ਪ੍ਰਕਾਸ਼ ਸੰਸਲੇਸ਼ਣ ਦੀ ਪ੍ਰਕ੍ਰਿਆ ਬਿਹਤਰ ਹੁੰਦੀ ਹੈ।
- ਇਸ ਨਾਲ ਉਤਪਾਦਨ ਅਤੇ ਫਲਾਂ ਦੀ ਗੁਣਵੱਤਾ ਵਿੱਚ ਵਾਧਾ ਹੁੰਦਾ ਹੈ।
- ਪੌਦਿਆਂ ਦੇ ਆਲੇ-ਦੁਆਲੇ ਹਵਾ ਦਾ ਸੰਚਾਰ ਸਿਹਤਰ ਹੋਣ ਕਾਰਨ ਨਮੀ ਘੱਟ ਰਹਿੰਦੀ ਹੈ ਅਤੇ ਰੋਗਾਂ ਦਾ ਖ਼ਤਰਾ ਘਟਦਾ ਹੈ।
- ਕੁੱਝ ਕੀੜ੍ਹਿਆਂ ਦੇ ਪ੍ਰਕੋਪ ਨੂੰ ਵੀ ਘਟਾਉਣ ਵਿੱਚ ਮੱਦਦ ਮਿਲਦੀ ਹੈ।
- ਫਸਲਾਂ ਸੁਵਿਧਾਜਨਕ ਉਚਾਈ 'ਤੇ ਹੋਣ ਕਰਕੇ ਤੁੜਾਈ, ਛੰਟਾਈ ਅਤੇ ਨਿਰੀਖਣ ਕਰਨਾ ਆਸਾਨ ਹੋ ਜਾਂਦਾ ਹੈ।
- ਸਾਫ਼ ਉਤਪਾਦ ਹੋਣ ਕਰਕੇ ਜ਼ਿਆਦਾ ਸਹੀ ਕੀਮਤ ਮਿਲਦੀ ਹੈ। ਟ੍ਰੈਲਿਸ ਆਧਾਰਿਤ ਸਬਜ਼ੀ ਦੀ ਖੇਤੀ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਇਹ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਖੁਰਾਕ ਅਤੇ ਪੋਸ਼ਣ ਸੁਰੱਖਿਆ ਵਿੱਚ ਸੁਧਾਰ, ਆਮਦਨ ਵਿੱਚ ਵਾਧਾ ਅਤੇ ਵਿਕਲਪਿਕ ਆਜੀਵਿਕਾ ਦੇ ਮੌਕੇ ਪੈਦਾ ਕਰਨ ਦਾ ਇੱਕ ਟਿਕਾਊਸਾਧਨ ਹੈ। ਇਹ ਤਰੀਕਾ ਸੂਰਜੀ ਰੌਸ਼ਨੀ ਦਾ ਵੱਧ ਤੋਂ ਵੱਧ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰਦਾ ਹੈ, ਪੌਦਿਆਂ ਦੇ ਆਲੇ-ਦੁਆਲੇ ਹਵਾ ਦੇ ਸੰਚਾਰ ਨੂੰ ਬਿਹਤਰ ਬਣਾਉਂਦਾ ਹੈ ਅਤੇ ਬਹੁ-ਤਹਿਆਂ ਵਾਲੀ ਖੇਤੀ ਨੂੰ ਪ੍ਰੋਤਸ਼ਾਹਿਤ ਕਰਦਾ ਹੈ।

ਸ਼ੁਰੂਆਤ ਵਿੱਚ, ਟ੍ਰੈਲਿਸ ਦੇ ਇਸ ਤਰੀਕੇ ਨੂੰ ਸਾਲ 2005 ਵਿੱਚ ਅੰਬੋਸ਼ੀ ਪਿੰਡ ਵਿੱਚ ਸ਼ੁਰੂ ਕੀਤਾ ਗਿਆ। ਉਸ ਸਮੇਂ ਕੁੱਝ ਕਿਸਾਨ ਆਪਣੇ ਘਰਾਂ ਦੇ ਪਿਛਲੇ ਹਿੱਸੇ ਵਿੱਚ ਥੋੜ੍ਹੀ-ਬਹੁਤ ਸਬਜ਼ੀਆਂ ਦੀ ਖੇਤੀ ਕਰਦੇ ਸਨ ਪਰ ਵਪਾਰਕ ਪੱਧਰ 'ਤੇ ਸਬਜ਼ੀ ਦੀ ਖੇਤੀ ਨੂੰ ਅਪਣਾਉਣ ਵਿੱਚ ਕਿਸਾਨਾਂ ਨੂੰ ਸ਼ੁਰੂ ਵਿੱਚ ਕੁੱਝ ਹਿਚਕਿਚਾਹਟ ਸੀ। ਕਿਸਾਨਾਂ ਦਾ ਭਰੋਸਾ ਵਧਾਉਣ ਲਈ ਸਾਲ 2003 ਵਿੱਚ ਉਹਨਾਂ ਨੂੰ ਵਪਾਰਕ ਪੱਧਰ 'ਤੇ ਖੇਤੀ ਕਰਨ ਵਾਲੇ ਕਿਸਾਨਾਂ ਦੇ ਖੇਤਾਂ ਅਤੇ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਦੇ ਪ੍ਰਦਰਸ਼ਨ ਖੇਤਾਂ ਦੇ ਅਧਿਐਨ ਦੌਰੇ ਕਰਵਾਏ ਗਏ। ਇਹਨਾਂ ਦੌਰਿਆਂ ਰਾਹੀਂ ਕਿਸਾਨਾਂ ਨੂੰ ਟ੍ਰੈਲਿਸ ਆਧਾਰਿਤ ਸਬਜ਼ੀ ਦੀ ਖੇਤੀ, ਇਸ ਦੇ ਲਾਭ ਅਤੇ ਵਪਾਰਕ ਸੰਭਾਵਨਾਵਾਂ ਬਾਰੇ ਵਿਹਾਰਕ ਜਾਣਕਾਰੀ ਪ੍ਰਾਪਤ ਹੋਈ।

ਇਹਨਾਂ ਅਧਿਐਨ ਦੌਰਿਆਂ ਤੋਂ ਪ੍ਰੇਰਿਤ ਹੋ ਕੇ ਗੁਜਰਾਤ ਦੇ ਧਰਮਪੁਰ ਤਹਿਸੀਲ ਦੇ ਆਵਧਾ ਪਿੰਡ ਦੇ ਦੋ ਕਿਸਾਨਾਂ ਨੇ ਟ੍ਰੈਲਿਸ-ਆਧਾਰਿਤ ਸਬਜ਼ੀ ਦੀ ਖੇਤੀ ਵਿੱਚ ਦਿਲਚਸਪੀ ਦਿਖਾਈ। ਉਹਨਾਂ ਨੂੰ ਕਰੇਲੇ ਦੀ ਕਾਸ਼ਤ ਨੂੰ ਪਾਇਲਟ ਪ੍ਰੋਜੈਕਟ ਵਜੋਂ ਸ਼ੁਰੂਕਰਨ ਲਈ ਸਹਾਇਤਾ ਪ੍ਰਦਾਨ ਕੀਤੀ ਗਈ। ਦੋਵੇਂ ਕਿਸਾਨਾਂ ਨੂੰ 0.2 ਹੈਕਟੇਅਰ ਜ਼ਮੀਨ 'ਤੇ ਖੇਤੀ ਲਈ ਢਾਂਚੇ ਸਥਾਪਤ ਕਰਨ ਲਈ ਮਾਰਗਦਰਸ਼ਨ ਦਿੱਤਾ ਗਿਆ। ਉਹਨਾਂ ਨੂੰ ਬੀਜ ਮੁਹੱਈਆ ਕਰਵਾਏ ਗਏ ਅਤੇ ਸਬਜ਼ੀ ਦੀ ਕਾਸ਼ਤ ਦੀਆਂ ਵਿਗਿਆਨਕ ਤਕਨੀਕਾਂ ਬਾਰੇ ਸਿਖਲਾਈ ਵੀ ਦਿੱਤੀ ਗਈ। ਪਹਿਲੇ ਸੀਜ਼ਨ ਵਿੱਚ ਇਹਨਾਂ ਕਿਸਾਨਾਂ ਨੇ ਕਰੇਲੇ ਦੀ ਕਾਸ਼ਤ ਕੀਤੀ। ਸ਼ੁਰੂਆਤੀ ਫਸਲੀ ਚੱਕਰਾਂ ਦੌਰਾਨ ਭਾਵੇਂ ਉਤਪਾਦਨ ਉਮੀਦਾਂ ਅਸਾਰ ਨਹੀਂ ਹੋਇਆ, ਪਰ ਫਿਰ ਵੀ ਉਹਨਾਂ ਨੂੰ ਲਗਭਗ 35,000 ਰੁਪਏ ਦੀ ਆਮਦਨੀ ਹੋਈ, ਜਿਸ ਨਾਲ ਉਹਨਾਂ ਦਾ ਆਤਮ-ਵਿਸ਼ਵਾਸ ਕਾਫ਼ੀ ਵਧ ਗਿਆ। ਇਸਤੋਂ ਬਾਅਦ ਅੰਬੋਸ਼ੀ ਪਿੰਡ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਕਿਸਾਨਾਂ ਲਈ ਆਵਧਾ ਪਿੰਡ ਵਿੱਚ ਸਥਾਪਤ ਟ੍ਰੈਲਿਸ ਆਧਾਰਿਤ ਸਬਜ਼ੀ ਖੇਤੀ ਦੇ ਅਧਿਐਨ ਦੌਰੇ ਕਰਵਾਏ ਗਏ। ਦੋ

ਪ੍ਰਭਾਵ

ਸਾਲ 2024 ਵਿੱਚ 15 ਪਿੰਡਾਂ (ਕੁੰਡਾ, ਧਾਮਨੀ, ਚੰਦਵੇਗਨ, ਮੋਹਾਪਾੜਾ, ਨਿਲੋਸੀ, ਬੋਰਪਾੜਾ, ਕਪਰਾਡਾ, ਵੇਰੀਭਵਾਡਾ, ਮਣੀ, ਆਵਧਾ, ਹੇਦਰੀ, ਮੰਡਵਾ, ਤੰਮਾਚੜੀ, ਵੇਰੀਭਵਾਡਾ ਅਤੇ ਸਾਜਨੀਬਰਦਾ) ਦੇ 50 ਕਿਸਾਨਾਂ ਉੱਪਰ ਟ੍ਰੈਲਿਸ ਆਧਾਰਿਤ ਸਬਜ਼ੀ ਦੀ ਖੇਤੀ ਦੇ ਪ੍ਰਭਾਵ ਦਾ ਅਧਿਐਨ ਕੀਤਾ ਗਿਆ। ਇਸ ਅਧਿਐਨ ਤੋਂ ਹੇਠ ਲਿਖੇ ਮੁੱਖ ਨਤੀਜੇ ਸਾਹਮਣੇ ਆਏ:-ਕਿਸਾਨਾਂ ਦੀ ਖੇਤੀ ਤੋਂ ਹੋਣ ਵਾਲੀ ਆਮਦਨ ਵਿੱਚ ਮਹੱਤਵਪੂਰਨ ਵਾਧਾ ਹੋਇਆ। ਇਸ ਨਾਲ ਉਹਨਾਂ ਦਾ ਆਤਮ-ਵਿਸ਼ਵਾਸ ਵਧਿਆ ਅਤੇ ਉਹਨਾਂ ਨੇ ਖੇਤੀ ਹੇਠ ਰਕਬਾ ਵੀ ਵਧਾਇਆ। ਸਾਲ 2022 ਦੀ 25,000 ਰੁਪਏ ਸਾਲਾਨਾ ਆਮਦਨੀ ਦੇ ਮੁਕਾਬਲੇ ਇਹ ਵਧ ਕੇ 80,000 ਰੁਪਏ ਤੋਂ ਲੈ ਕੇ 3.5 ਲੱਖ ਤੱਕ ਪਹੁੰਚ ਗਈ।

ਫਸਲੀ ਵਿਭਿੰਨਤਾ ਵਧਣ ਨਾਲ ਕਿਸਾਨਾਂ ਦੀ ਜਲਵਾਯੂਅਤੇ ਹੋਰ ਜੋਖਿਮਾਂ ਦਾ ਸਾਹਮਣਾ ਕਰਨ ਦੀ ਸਮਰੱਥਾ ਵਿੱਚ ਸੁਧਾਰ ਆਇਆ।

ਘਰੇਲੂਵਰਤੋਂ ਲਈ ਸਬਜ਼ੀਆਂ ਅਤੇ ਫਲਾਂ ਦੀ ਉਪਲਬਧਤਾ ਵਧੀ, ਜਿਸ ਨਾਲ ਪਰਿਵਾਰਾਂ ਦੇ ਪੋਸ਼ਣ ਪੱਧਰ ਵਿੱਚ ਸੁਧਾਰ ਆਇਆ।

ਆਤਮ-ਵਿਸ਼ਵਾਸ ਵਿੱਚ ਵਾਧੇ ਨਾਲ ਕਿਸਾਨਾਂ ਦੀਆਂ ਖੇਤੀ ਅਤੇ ਫਸਲ ਪ੍ਰਬੰਧਨ ਵਿਧੀਆਂ ਵਿੱਚ ਸੁਧਾਰ ਆਇਆ। ਇਸਦੇ ਨਾਲ ਹੀ ਫਾਰਮਰਜ਼ ਪ੍ਰੋਡਿਊਸਰ ਸੰਸਥਾਵਾਂ ਰਾਹੀਂ ਸਮੂਹਿਕ ਕਾਰਵਾਈ ਅਤੇ ਆਪਸੀ ਸਹਿਯੋਗ ਵੀ ਬਹੁਤ ਮਜ਼ਬੂਤ ਹੋਇਆ।

ਬੈਂਚਾਂ ਵਿੱਚ ਲਗਭਗ 45 ਕਿਸਾਨਾਂ ਨੇ ਇਹਨਾਂ ਦੌਰਿਆਂ ਵਿੱਚ ਹਿੱਸਾ ਲਿਆ। ਕਈ ਕਿਸਾਨ ਇਸ ਗੱਲ ਨੂੰ ਦੇਖ ਕੇ ਬਹੁਤ ਉਤਸ਼ਾਹਿਤ ਹੋਏ ਕਿ ਟ੍ਰੈਲਿਸ ਆਧਾਰਿਤ ਸਬਜ਼ੀ ਦੀ ਖੇਤੀ ਤੋਂ ਮਿਲਣ ਵਾਲੀ ਆਮਦਨੀ ਉਹਨਾਂ ਦੀ ਰਵਾਇਤੀ ਫਸਲਾਂ ਤੋਂ ਹੋਣ ਵਾਲੀ ਆਮਦਨੀ ਤੋਂ ਲਗਭਗ ਦੁੱਗਣੀ ਸੀ। ਇਸ ਕਾਰਨ ਉਹਨਾਂ ਨੇ ਵੀ ਇਸ ਪ੍ਰਣਾਲੀ ਨੂੰ ਅਪਣਾਉਣ ਵਿੱਚ ਗਹਿਰੀ ਦਿਲਚਸਪੀ ਦਿਖਾਈ। ਅਗਲੇ ਸੀਜ਼ਨ ਵਿੱਚ ਸਾਲ 2004 ਦੌਰਾਨ 15 ਕਿਸਾਨਾਂ ਨਾਲ ਟ੍ਰੈਲਿਸ ਆਧਾਰਿਤ ਸਬਜ਼ੀ ਦੀ ਖੇਤੀ ਦੇ ਪਾਇਲਟ ਪ੍ਰੋਜੈਕਟ ਦਾ ਵਿਸਥਾਰ ਕੀਤੀ ਗਿਆ ਅਤੇ ਇਸ ਤੋਂ ਅਗਲੇ ਸਾਲਾਂ ਵਿੱਚ ਇਹ ਗਿਣਤੀ ਵਧ ਕੇ 42 ਕਿਸਾਨਾਂ ਤੱਕ ਪਹੁੰਚ ਗਈ। ਹਾਲਾਂਕਿ, ਇਸ ਪ੍ਰਣਾਲੀ ਨੂੰ ਵੱਡੇ ਪੱਧਰ 'ਤੇ ਵਿਸਥਾਰ ਦੌਰਾਨ ਕੁੱਝ ਸ਼ੁਰੂਆਤੀ ਚੁਣੌਤੀਆਂ ਸਾਹਮਣੇ ਆਈਆਂ ਜੋ ਹੇਠ ਲਿਖੀਆਂ ਹਨ:-

- ਕਿਸਾਨ ਤੋਂ ਕਿਸਾਨ ਵਿਚਕਾਰ ਉਤਪਾਦਨ ਦਾ ਕਾਫ਼ੀ ਅੰਤਰ ਦੇਖਣ ਨੂੰ ਮਿਲਿਆ। ਇਸ ਲਈ ਖੇਤੀ ਦੀਆਂ ਮਿਆਰੀ ਸਿਫ਼ਾਰਿਸ਼ਾਂ ਤਿਆਰ ਕਰਨ ਦੀ ਲੋੜ ਮਹਿਸੂਸ ਹੋਈ।
- ਸੀਮਿੰਟ ਦੇ ਖੰਭਿਆਂ ਨਾਲ ਟ੍ਰੈਲਿਸ ਢਾਂਚਾ ਬਣਾਉਣ ਅਤੇ ਹੋਰ ਸਾਮਾਨ ਲਈ ਸ਼ੁਰੂਆਤੀ ਖਰਚਾ ਹੀ ਲਗਭਗ 22,000 ਰੁਪਏ ਸੀ, ਜੋ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਸੀ। ਇਸ ਲਈ ਇਸ ਮਾਡਲ ਦੀ ਲਾਗਤ ਘਟਾ ਕੇ ਇਸਨੂੰ ਕਿਸਾਨਾਂ ਲਈ ਕਿਫ਼ਾਇਤੀ ਬਣਾਉਣ ਦੀ ਲੋੜ ਸੀ।
- ਰਵਾਇਤੀ ਖੇਤੀ ਵਿਵਸਥਾ ਵਿੱਚ ਸਿਫਾਰਿਸ਼ ਕੀਤੇ ਜਾਂਦੇ ਖੇਤੀ ਰਸਾਇਣਾਂ ਦੀ ਵਰਤੋਂ ਘਟਾਉਣ ਦੀ ਲੋੜ ਸੀ ਤਾਂ ਜੋ ਖੇਤੀ ਨੂੰ ਹੋਰ ਟਿਕਾਊਅਤੇ ਵਾਤਾਵਰਣ ਪੱਖੀ ਬਣਾਇਆ ਜਾ ਸਕੇ।
- ਜਦੋਂ ਸਬਜ਼ੀਆਂ ਦਾ ਉਤਪਾਦਨ ਵਧਿਆ, ਤਾਂ ਉਹਨਾਂ ਦੀ ਵਿਕਰੀ ਲਈ ਉਚਿਤ ਮੰਡੀ ਅਤੇ ਬਾਜ਼ਾਰ ਨਾਲ ਜੋੜਨਾ ਯਕੀਨੀ ਬਣਾਉਣਾ ਵੀ ਇੱਕ ਮਹੱਤਵਪੂਰਨ ਲੋੜ ਬਣ ਗਿਆ।

ਉਪਰੋਕਤ ਚੁਣੌਤੀਆਂ ਬਾਰੇ ਵੱਖ-ਵੱਖ ਹਿੱਸੇਦਾਰਾਂ, ਮਾਹਿਰਾਂ ਅਤੇ ਕਿਸਾਨਾਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਤੋਂ ਬਾਅਦ ਹੇਠ ਲਿਖੀਆਂ ਰਣਨੀਤੀਆਂ ਅਪਣਾਈਆਂ ਗਈਆਂ।

- ਲਾਗਤ ਘਟਾਉਣ ਲਈ ਸੀਮਿੰਟ ਦੇ ਖੰਭਿਆਂ ਦੀ ਥਾਂ ਬਾਂਸ ਦੇ ਖੰਭੇ ਵਰਤੇ ਗਏ। ਇਸ ਨਾਲ ਢਾਂਚਾ ਤਿਆਰ ਕਰਨ ਦੀ ਸ਼ੁਰੂਆਤੀ ਲਾਗਤ ਵਿੱਚ ਬੜੀ ਕਮੀ ਆਈ।
- ਮਿਆਰੀ ਸੰਚਾਲਨ ਪ੍ਰਕ੍ਰਿਆਵਾਂ ਨੂੰ ਤਿਆਰ ਕਰਕੇ ਅੰਤਿਮ ਰੂਪ ਦਿੱਤਾ ਗਿਆ। ਇਹਨਾਂ ਵਿੱਚ ਟ੍ਰੈਲਿਸ ਪ੍ਰਣਾਲੀ ਦਾ ਉਚਿਤ ਆਕਾਰ, ਹਰ ਖੰਭੇ ਵਿਚਕਾਰ 5 ਮੀਟਰ ਦਾ ਫ਼ਾਸਲਾ, ਜ਼ਮੀਨ ਤੋਂ 5-7 ਫੁੱਟ ਉਚਾਈ ਅਤੇ ਟ੍ਰੈਲਿਸ ਲਈ ਵਰਤੀ ਜਾਣ ਵਾਲੀ ਸਮੱਗਰੀ ਜਿਵੇਂ ਕਿ ਬਾਂਸ / ਲੱਕੜ / ਸੀਮਿੰਟ ਦੇ ਖੰਭੇ / ਲੋਹੇ ਦੀਆਂ ਪਾਈਪਾਂ ਬਾਰੇ ਸਪੱਸ਼ਟ ਨਿਰਦੇਸ਼ ਦਿੱਤੇ ਗਏ।
- ਵੇਲ ਵਾਲੀਆਂ ਫਸਲਾਂ ਨੂੰ ਸਹਾਰਾ ਦੇਣ ਅਤੇ ਟ੍ਰੈਲਿਸ ਢਾਂਚੇ ਨੂੰ ਹਵਾ ਦੇ ਦਬਾਅ ਦੇ ਬਾਵਜੂਦ ਮਜ਼ਬੂਤ ਰੱਖਣ ਲਈ ਪਲਾਸਟਿਕਨਾਲ ਕਵਰ ਸਟੀਲ ਦੀਆਂ ਤਾਰਾਂ, ਨਾਈਲੋਨ ਦੀਆਂ ਰੱਸੀਆਂ, ਜੀਆਈ ਤਾਰਾਂ ਦੀ ਵਰਤੋਂ ਕੀਤੀ ਗਈ।
- ਫਸਲ-ਵਿਸ਼ੇਸ਼ ਖੇਤੀ ਸਿਫਾਰਿਸ਼ਾਂ ਵੀ ਮੋਡਿਊਲ ਵਿੱਚ ਸ਼ਾਮਲ ਕੀਤੀਆਂ ਗਈਆਂ। ਉਦਾਹਰਨ ਵਜੋਂ, 25 ਤੋਂ 30 ਦਿਨ ਦੇ ਪੌਦਿਆਂ ਦੀ ਰੋਪਾਈ ਕਰਨ ਅਤੇ ਕਰੇਲੇ ਲਈ 120 ਸੈਂਮੀ*45 ਸੈਂਮੀਂ ਦਾ ਪੌਦੇ ਤੋਂ ਪੌਦੇ ਦਾ ਫ਼ਾਸਲਾ ਰੱਖਣ ਦੀ ਸਿਫਾਰਿਸ਼ ਕੀਤੀ ਗਈ।
- ਇਸਤੋਂ ਇਲਾਵਾ, ਏਕੀਕ੍ਰਿਤ ਪੋਸ਼ਕ ਤੱਤ ਪ੍ਰਬੰਧਨ, ਏਕੀਕ੍ਰਿਤ ਕੀਟ ਪ੍ਰਬੰਧਨ ਅਤੇ ਫਸਲ ਦੀ ਸਹੀ ਸਮੇਂ 'ਤੇ ਪੱਕਣ ਦੀ ਅਵਸਥਾ 'ਤੇ ਤੋੜਾਈ ਵਰਗੀਆਂ ਵਿਗਿਆਨਕ ਖੇਤੀ ਤਰੀਕਿਆਂ ਨੂੰ ਵੀ ਅਪਣਾਇਆ ਗਿਆ।
- ਖੇਤੀ ਰਸਾਇਣਾਂ ਦੀ ਵਰਤੋਂ ਘਟਾਉਣ ਲਈ, ਰਵਾਇਤੀ ਖੇਤੀ ਵਿਵਸਥਾ ਵਿੱਚ ਜੈਵਿਕ ਅਤੇ ਕੁਦਰਤੀ ਖੇਤੀ ਦੀਆਂ ਵੱਖ-ਵੱਖ ਵਿਧੀਆਂ ਨੂੰ ਸ਼ਾਮਲ ਕੀਤਾ ਗਿਆ। ਇਸ ਅਧੀਨ ਜੈਵਿਕ ਫ਼ੋਟੋ ਟ੍ਰੈਲਿਸ ਆਧਾਰਿਤ ਸਬਜ਼ੀ ਦੀ ਖੇਤੀ ਸ਼ੁਰੂਕਰਨ ਲਈ ਕਿਸਾਨਾਂ ਦੇ ਸਮੂਹ ਨੇ ਮਿਲ ਕੇ ਲੋੜੀਂਦੀ ਰਕਮ ਦਾ ਪ੍ਰਬੰਧ ਕੀਤਾ। ਇਸ ਅਧੀਨ ਜੈਵਿਕ ਕਚਰੇ ਦਾਦ, ਕੰਪੋਸਟ ਖਾਦ ਦੇ ਉਤਪਾਦਨ ਅਤੇ ਵਰਤੋਂ ਅਤੇ ਜੈਵਿਕ ਕੀਟਨਾਸ਼ਕਾਂ ਨਾਲ ਸੁਰੱਖਿਅਤ ਕੀਟ ਪ੍ਰਬੰਧਨ ਉਪਾਵਾਂ ਉੱਪਰ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਇਸ ਨਾਲ ਬਾਹਰੋਂ ਖਰੀਦੇ ਜਾਣ ਵਾਲੇ ਖੇਤੀ ਨਿਵੇਸ਼ਾਂ ਉੱਤੇ ਨਿਰਭਰਤਾ ਘਟਾਉਣ ਵਿੱਚ ਮੱਦਦ ਮਿਲੀ। ਕੰਪੋਸਟ ਖਾਦ ਤਿਆਰ ਕਰਨ ਲਈ ਮੁੱਖ ਤੌਰ 'ਤੇ ਖੇਤਾਂ ਦੀ ਫਸਲੀ ਰਹਿੰਦ-ਖੂੰਹਦ ਅਤੇ ਨੇੜਲੇ ਜੰਗਲਾਂ ਤੋਂ ਇਕੱਠੇ ਕੀਤੇ ਪੱਤਿਆਂ ਦੀ ਵਰਤੋਂ ਕੀਤੀ ਗਈ।
- ਟ੍ਰੈਲਿਸ ਢਾਂਚੇ ਨੂੰ ਬਣਾਉਣ ਦੀ ਲਾਗਤ ਨੂੰ ਘਟਾਉਣ ਲਈ ਕਈ ਵਿਕਲਪਾਂ ਨੂੰ ਅਜ਼ਮਾਇਆ ਗਿਆ। ਸ਼ੁਰੂਆਤੀ ਪੜਾਅ ਵਿੱਚ ਟ੍ਰੈਲਿਸ ਢਾਂਚਾ ਬਣਾਉਣ ਲਈ ਸੀਮਿੰਟ ਦੇ ਖੰਭਿਆਂ ਦੀ ਵਰਤੋਂ ਕੀਤੀ ਗਈ। ਇਹਨਾਂ ਖੰਭਿਆਂ ਦੀ ਲਾਗਤ ਕੁੱਲ ਖਰਚ ਦਾ ਲਗਭਗ 50 ਫ਼ੀਸਦੀ ਸੀ, ਜਿਸ ਕਾਰਨ ਇਹ ਪ੍ਰਣਾਲੀ ਕਾਫ਼ੀ ਮਹਿੰਗੀ ਸਾਬਤ ਹੋ ਰਹੀ ਸੀ। ਇਸ ਸਮੱਸਿਆ ਦਾ ਹੱਲ ਕਰਨ ਲਈ ਸੀਮਿੰਟ ਦੇ ਖੰਭਿਆਂ ਦੀ ਥਾਂ ਬਾਂਸ ਦੇ ਖੰਭੇ ਵਰਤੇ ਗਏ। ਹਾਲਾਂਕਿ ਇਹ ਵੀ ਦੇਖਿਆ ਗਿਆ ਕਿ ਮਿੱਟੀ ਦੇ ਸੰਪਰਕ ਵਾਲੇ ਹਿੱਸੇ ਵਿੱਚ ਬਾਂਸ ਨਮੀ ਸੋਖ ਲੈਂਦਾ ਸੀ ਅਤੇ ਸਮੇਂ ਦੇ ਨਾਲ ਸੜਨ ਲੱਗ ਪੈਂਦਾ ਸੀ। ਇਸ ਲਈ ਬਾਅਦ ਵਿੱਚ ਬਾਂਸ ਦੇ ਖੰਭਿਆਂ ਨੂੰ ਲਗਾਉਣ ਤੋਂ ਪਹਿਲਾਂ ਉਹਨਾਂ ਦੇ ਹੇਠਲੇ ਹਿੱਸੇ ਦਾ ਸੁਰੱਖਿਆ ਉਪਚਾਰ ਕੀਤਾ ਗਿਆ। ਇਸ ਨਾਲ ਬਾਂਸ ਦੇ ਖੰਭਿਆਂ ਦੀ ਉਮਰ ਵਿੱਚ ਕਾਫ਼ੀ ਵਾਧਾ ਹੋਇਆ। ਇਸਦੇ ਨਾਲ ਹੀ ਟ੍ਰੈਲਿਸ ਢਾਂਚੇ ਵਿੱਚ ਵਰਤੀਆਂ ਜਾਣ ਵਾਲੀਆਂ ਤਾਰਾਂ ਦੀ ਸਹੀ ਗੁਣਵੱਤਾ ਵੀ ਨਿਰਧਾਰਿਤ ਕੀਤੀ ਗਈ। ਇਹਨਾਂ ਸਾਰੇ ਵਿਕਲਪਾਂ ਨੂੰ ਅਪਣਾਉਣ ਨਾਲ ਟ੍ਰੈਲਿਸ ਢਾਂਚੇ ਦੀ ਸ਼ੁਰੂਆਤੀ ਲਾਗਤ ਵਿੱਚ ਮਹੱਤਵਪੂਰਨ ਕਮੀ ਆਈ।

ਟ੍ਰੈਲਿਸ ਢਾਂਚੇ ਵਾਲੀ ਸਬਜ਼ੀ ਖੇਤੀ ਨੂੰ ਲੋਕਪ੍ਰਿਅ ਬਣਾਉਣਾ

- ਬੀਏਆਈਐਫ ਨੇ ਕਈ ਕਿਸਾਨਾਂ ਨੂੰ ਇਸ ਗਤੀਵਿਧੀ ਦੀ ਸ਼ੁਰੂਆਤ ਕਰਨ ਲਈ ਅੰਸ਼ਕ ਵਿੱਤੀ ਅਤੇ ਤਕਨੀਤੀ ਸਹਾਇਤਾ ਪ੍ਰਦਾਨ ਕੀਤੀ। ਇਹ ਸਹਾਇਤਾ ਖਾਸ ਤੌਂਰ 'ਤੇ ਲੋੜਵੰਦ ਅਤੇ ਕਮਜ਼ੋਰ ਆਰਥਿਕ ਹਾਲਾਤਾਂ ਵਾਲੇ ਪਰਿਵਾਰਾਂ ਨੂੰ ਦਿੱਤੀ ਗਈ। ਸ਼ੁਰੂਆਤੀ ਸਹਾਇਤਾ ਤੋਂ ਬਾਅਦ ਉਮੀਦ ਕੀਤੀ ਗਈ ਕਿ ਕਿਸਾਨ ਆਪਣੇ ਪੱਧਰ 'ਤੇ ਇਸ ਗਤੀਵਿਧੀ ਨੂੰ ਅੱਗੇ ਜਾਰੀ ਰੱਖਣਗੇ।
- ਟ੍ਰੈਲਿਸ ਆਧਾਰਿਤ ਸਬਜ਼ੀ ਖੇਤੀ ਅਪਣਾਉਣ ਦੇ ਇਛੁੱਕ ਹੋਰ ਕਿਸਾਨਾਂ ਨੂੰ

ਜੋੜਿਆ ਗਿਆ ਅਤੇ ਛੋਟੇ ਸਮੂਹਾਂ ਵਿੱਚ ਸੰਗਠਿਤ ਕੀਤਾ ਗਿਆ। ਆਮ ਤੌਰ ਤੇ ਨਾਲ-ਨਾਲ ਖੇਤਾਂ ਵਾਲੇ ਕਿਸਾਨਾਂ ਨੂੰ ਇੱਕ ਸਮੂਹ ਵਿੱਚ ਸ਼ਾਮਲ ਕੀਤਾ ਜਾਂਦਾ ਸੀ।

- ਇਹਨਾਂ ਕਿਸਾਨਾਂ ਜਾਂ ਕਿਸਾਨ ਸਮੂਹਾਂ ਨੇ ਆਪਸ ਵਿੱਚ ਰਕਮ ਇਕੱਠਾ ਕਰਕੇ ਟ੍ਰੈਲਿਸ ਖੇਤੀ ਕਰਨ ਲਈ ਨਿਵੇਸ਼ ਕੀਤਾ। ਕੁੱਝ ਫਸਲੀ ਚੱਕਰਾਂ ਤੋਂ ਬਾਅਦ ਜਦੋਂ ਉਹਨਾਂ ਨੂੰ ਚੰਗੀ ਆਮਦਨ ਅਤੇ ਬੱਚਤ ਹੋਣ ਲੱਗੀ ਤਾਂ ਉਹਨਾਂ ਨੇ ਆਪਣੇ ਤੌਰ 'ਤੇ ਸੁਤੰਤਬ ਰੂਪ ਵਿੱਚ ਸਬਜ਼ੀਆਂ ਦੀ ਕਾਸ਼ਤ ਕਰਨੀ ਸ਼ੁਰੂਕਰ ਦਿੱਤੀ।

ਚੁਣੌਤੀਆਂ ਦਾ ਹੱਲ

ਸ਼ੁਰੂਆਤੀ ਦੌਰ ਵਿੱਚ, ਜਦੋਂ ਸਬਜ਼ੀਆਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਘੱਟ ਸੀ ਤਾਂ ਸਥਾਨਕ ਮੰਡੀ ਵਿੱਚ ਉਤਪਾਦ ਵੇਚਣਾ ਕੋਈ ਵੱਡੀ ਸਮੱਸਿਆ ਨਹੀਂ ਸੀ। ਪਰ ਜਿਵੇਂ-ਜਿਵੇਂ ਸਬਜ਼ੀ ਉਤਪਾਦਕ ਕਿਸਾਨਾਂ ਦੀ ਗਿਣਤੀ ਵਧਦੀ ਗਈ, ਤਿਵੇਂ-ਤਿਵੇਂ ਕਿਸਾਨਾਂ ਨੂੰ ਆਪਣੀ ਉਪਜ ਦਾ ਉਚਿਤ ਮੁੱਲ ਦਿਵਾਉਣ ਲਈ ਬਾਹਰੀ ਬਾਜ਼ਾਰਾਂ ਤੱਕ ਪਹੁੰਚ ਬਣਾਉਣ ਦੀ ਲੋੜ ਮਹਿਸੂਸ ਹੋਈ। ਇਸ ਲਈ ਬਾਜ਼ਾਰ ਨਾਲ ਜੁੜਨਾ ਬਹੁਤ ਜ਼ਰੂਰੀ ਹੋ ਗਿਆ। ਸਬਜ਼ੀ ਦੀ ਖੇਤੀ ਕਰਨ ਵਾਲੇ ਜ਼ਿਆਦਾਤਰ ਕਿਸਾਨ ਫਾਰਮਰਜ਼ ਪ੍ਰੋਡਿਊਸਰ ਸੰਸਥਾਵਾਂ ਜਾਂ ਸਹਿਰਕਾਰੀ ਸਭਾਵਾਂ ਦੇ ਮੈਂਬਰ ਸਨ। ਇਹ ਸਹਿਕਾਰੀ ਸਸੰਸਥਾਵਾਂ ਪਹਿਲਾਂ ਮੁੱਖ ਤੌਰ 'ਤੇ ਆਪਣੀਆਂ ਵਾੜੀਆਂ ਵਿੱਚ ਪੈਦਾ ਹੋਣ ਵਾਲੇ ਅੰਬ ਅਤੇ ਕਾਜੂਵਰਗੇ ਫਲਾਂ ਨੂੰ ਇਕੱਠਾ ਕਰਨ ਅਤੇ ਉਹਨਾਂ ਦੀ ਪ੍ਰੋਸੈਸਿੰਗ ਦਾ ਕੰਮ ਕਰਦੀਆਂ ਸਨ। ਬਾਅਦ ਵਿੱਚ ਇਹਨਾਂ ਸੰਸਥਾਵਾਂ ਨੇ ਸਬਜ਼ੀਆਂ ਅਤੇ ਹੋਰ ਖੇਤੀ ਉਤਪਾਦਾਂ ਦੀ ਮੁੱਲ ਲੜੀ ਨੂੰ ਮਜਬੂਤ ਕਰਨ ਲਈ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਤੋਂ ਇਲਾਵਾ, ਉਹਨਾਂ ਨੇ ਖਾਦਾਂ, ਬੀਜਾਂ ਅਤੇ ਹੋਰ ਖੇਤੀ ਸਾਮਾਨਾਂ ਦੀ ਸਪਲਾਈ ਵੀ ਸ਼ੁਰੂ ਕੀਤੀ, ਜਿਸ ਨਾਲ ਕਿਸਾਨਾਂ ਨੂੰ ਸਮੇਂ ਸਿਰ ਉੱਚ ਗੁਣਵੱਤਾ ਵਾਲੇ ਖੇਤੀ ਨਿਵੇਸ਼ ਵਾਜਬ ਕੀਮਤ 'ਤੇ ਉਪਲਬਧ ਹੋਣ ਲੱਗੇ।

ਕਿਸਾਨਾਂ ਨੂੰ ਇੱਕ ਹੋਰ ਵੱਡੀ ਚੁਣੌਤੀ ਆਪਣੀ ਉਪਜ ਨੂੰ ਹਫ਼ਤੇ ਵਿੱਚ ਦੋ ਜਾਂ ਤਿੰਨ ਵਾਰ ਬਾਹਰੀ ਮੰਡੀਆਂ ਤੱਕ ਪਹੁੰਚਾਉਣ ਦੀ ਸੀ। ਇਹ ਕੰਮ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਆਰਥਿਕ ਤੌਰ 'ਤੇ ਮਹਿੰਗਾ ਹੋਣ ਦੇ ਨਾਲ-ਨਾਲ ਵਧੇਰੇ ਮਿਹਨਤ ਵਾਲਾ ਸੀ। ਇਸ ਸਮੱਸਿਆ ਦੇ ਹੱਲ ਦੇ ਲਈ ਸਹਿਕਾਰੀ ਸੰਸਥਾਵਾਂ ਨੇ ਵਪਾਰੀਆਂ ਨਾਲ ਮੀਟਿੰਗਾਂ ਆਯੋਜਿਤ ਕੀਤੀਆਂ। ਜਿਵੇਂ-ਜਿਵੇਂ ਸਬਜ਼ੀਆਂ ਦਾ ਉਤਪਾਦਨ ਅਤੇ ਵਿਕਰੀ ਦੀ ਮਾਤਰਾ ਵਧੀ, ਵਪਾਰੀਆਂ ਨੇ ਖੇਤਾਂ ਤੋਂ ਹੀ ਉਪਜਾ ਦੀ ਢੋਆ-ਢੁਆਈ ਅਤੇ ਇਕੱਠਾ ਕਰਨ ਦੀ ਵਿਵਸਥਾ ਕਰਨੀ ਸ਼ੁਰੂਕਰ ਦਿੱਤੀ। ਇਸ ਨਾਲ ਕਿਸਾਨਾਂ ਨੂੰ ਆਪਣੀ ਉਪਜ ਖੁਦ ਮੰਡੀ ਤੱਕ ਲਿਜਾਣ ਦੀ ਲੋੜ ਨਹੀਂ ਰਹੀ ਅਤੇ ਉਹ ਆਪਣਾ ਵੱਧ ਸਮਾਂ ਖੇਤੀ ਅਤੇ ਫਸਲ ਪ੍ਰਬੰਧਨ 'ਤੇ ਕੇਂਦ੍ਰਿਤ ਕਰ ਸਕੇ।

ਵਿਸਥਾਰ

ਜ਼ਮੀਨ ਦੇ ਛੋਟੇ ਟੁਕੜੇ ਤੋਂ ਵੀ ਚੰਗੇ ਆਰਥਿਕ ਲਾਭਾਂ ਨੂੰ ਦੇਖਦੇ ਹੋਏ, ਬਹੁਤ ਥੋੜ੍ਹੇ ਸਮੇਂ ਵਿੱਚ ਨੇੜਲੇ ਪਿੰਡਾਂ ਦੇ ਸੈਂਕੜੇ ਕਿਸਾਨਾਂ ਨੇ ਟ੍ਰੈਲਿਸ ਆਧਾਰਿਤ ਸਬਜ਼ੀ ਦੀ ਖੇਤੀ ਤਰੀਕਿਆਂ ਨੂੰ ਵਿਆਪਕ ਪੱਧਰ 'ਤੇ ਅਪਣਾ ਲਿਆ। ਕਾਸ਼ਤ ਕੀਤੀਆਂ ਜਾਣ ਵਾਲੀਆਂ ਸਬਜ਼ੀ ਦੀਆਂ ਕਿਸਮਾਂ ਵਿੱਚ ਵੀ ਵਿਭਿੰਨਤਾ ਲਿਆਂਦੀ ਗਈ ਅਤੇ ਖਾਸ ਤੌਰ 'ਤੇ ਮਜ਼ਬੂਤ ਅਤੇ ਟਿਕਾਊਫਸਲਾਂ ਅਤੇ ਕਿਸਮਾਂ ਉੱਪਰ ਜ਼ੋਰ ਦਿੱਤਾ ਗਿਆ। ਕਿਸਾਨਾਂ ਨੂੰ ਆਪਣੀਆਂ ਛੋਟੀਆਂ ਜ਼ਮੀਨੀ ਜੋਤਾਂ ਤੋਂ ਇੱਕੋਂ ਸਮੇਂ ਕਈ ਫ਼ਸਲਾਂ ਪ੍ਰਾਪਤ ਕਰਨ ਦੇ ਯੋਗ ਬਣਾਉਣ ਲਈ ਸਬਜ਼ੀਆਂ, ਫਲਦਾਰ ਰੁੱਖਾਂ ਅਤੇ ਵਣ-ਬੂਟਿਆਂ ਨੂੰ ਮਿਲਾ ਕੇ ਬਹੁ-ਤਹਿਆਂ ਵਾਲੀ ਫ਼ਸਲ ਦੀ ਖੇਤੀ ਸ਼ੁਰੂਕੀਤੀ ਗਈ। ਕੀੜਿਆਂ ਨੂੰ ਨਿਯੰਤ੍ਰਿਤ ਕਰਨ ਲਈ ਲਾਈਟ ਟ੍ਰੈਪ ਅਤੇ ਚਿਪਚਿਪੇ ਟ੍ਰੈਪ ਆਦਿ ਲਗਾਏ ਗਏ। ਕੀੜਿਆਂ ਦੀ ਰੋਕਥਾਮ ਅਤੇ ਪ੍ਰਬੰਧਨ ਲਈ ਸੁਰੱਖਿਅਤ ਉਪਾਵਾਂ ਨੂੰ ਵੀ ਅਪਣਾਇਆ ਗਿਆ। ਖੇਤੀ ਦੀ ਸਥਿਰਤਾ ਵਧਾਉਣ ਲਈ ਜੈਵਿਕ ਪਦਾਰਥਾਂ ਦੀ ਵਰਤੋਂ, ਮਿੱਟੀ ਦੀ ਗੁਣਵੱਤਾ ਵਿੱਚ ਸੁਧਾਰ ਅਤੇ ਮਿੱਟੀ ਦੀ ਨਮੀ ਸੰਭਾਲਣ ਦੀਆਂ ਕਈ ਵਿਧੀਆਂ ਨੂੰ ਉਤਸ਼ਾਹਿਤ ਕੀਤਾ ਗਿਆ।

ਇਸ ਤਰੀਕੇ ਨੂੰ ਸਾਲ 2014 ਤੋਂ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਵੀ ਵੱਡੇ ਪੱਧਰ 'ਤੇ ਅਪਣਾਇਆ ਅਤੇ ਵਿਸਥਾਰ ਦਿੱਤਾ ਗਿਆ। ਬੀਏਆਈਐੱਫ ਦੀਆਂ ਪਹਿਲਕਦਮੀਆਂ ਰਾਹੀਂ 2024-25 ਦੌਰਾਨ ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ, ਗੁਜਰਾਤਠ ਓਡੀਸ਼ਾ, ਤੇਲੰਗਾਨਾ, ਝਾਰਖੰਡ, ਮੱਧ ਪ੍ਰਦੇਸ਼, ਰਾਜਸਥਾਨ, ਉੱਤਰਾਖੰਡ, ਕਰਨਾਟਕ ਅਤੇ ਉੱਤਰ ਪ੍ਰਦੇਸ਼ ਦੇ ਕੁੱਲ 11,700 ਕਿਸਾਨਾਂ ਨੇ ਟ੍ਰੈਲਿਸ ਆਧਾਰਿਤ ਸਬਜ਼ੀ ਦੀ ਖੇਤੀ ਨੂੰ ਅਪਣਾਇਆ। ਸਥਾਨਕ ਹਾਲਾਤਾਂ ਅਤੇ ਬਾਜ਼ਾਰ ਦੀ ਮੰਗ ਦੇ ਅਨੁਸਾਰ ਇਸ ਤਰੀਕੇ ਵਿੱਚ ਬਦਲਾਅ ਕੀਤੇ ਗਏ। ਇਸ ਤਰੀਕੇ ਨੂੰ ਅਪਣਾਉਣ ਵਾਲੇ ਕਿਸਾਨਾਂ ਨੂੰ ਖੇਤੀ ਤੋਂ ਚੰਗੀ ਆਮਦਨੀ ਹੋਈ (ਬਾਕਸ 1) ਅਤੇ ਨਾਲ ਹੀ ਉਹਨਾਂ ਨੂੰ ਪੌਸ਼ਟਿਕ ਖੁਰਾਕ ਮਿਲੀ। ਇਸ ਤਰ੍ਹਾਂ ਟ੍ਰੈਲਿਸ ਆਧਾਰਿਤ ਸਬਜ਼ੀ ਦੀ ਖੇਤੀ ਛੋਟੇ ਅਤੇ ਸੀਮਾਂਤ ਕਿਸਾਨਾਂ ਵੱਲੋਂ ਝੱਲੀਆਂ ਜਾ ਰਹੀਆਂ ਚੁਣੌਤੀਆਂ ਦਾ ਹੱਲ ਕਰਨ ਲਈ ਇੱਕ ਮਹੱਤਵਪੂਰਨ ਰਣਨੀਤੀ ਵਜੋਂ ਉੱਭਰੀ ਹੈ।

ਯੋਗੇਸ਼ ਸਾਵੰਤ
ਰੁੱਖ ਥੀਮੈਟਿਕ ਪ੍ਰੋਗਰਾਮ ਕਾਰਜਕਾਰੀ
(ਖੇਤੀ ਆਧਾਰਿਤ ਆਜੀਵਿਕਾ ਅਤੇ ਜਲਵਾਯੂਕਾਰਵਾਈ)
ਬੀਏਆਈਐਫ ਡਿਵਲਪਮੈਂਟ ਰਿਸਰਚ ਫਾਊਂਡੇਸ਼ਨ
ਬੀਏਆਈਐੱਫ ਭਵਨ, ਡਾਂ ਮਨੀਭਾਈ ਦੇਸਾਈ ਨਗਰ, ਵਾਰਜੇ
ਪੁਨੇ -411058
ਈਮੇਲ : ygsawant@baif.org.in
Source : Sustainalbe Vegetable Farming Sep. 2025
LEISA INDIA, Vol.27, No. 3, Sep. P-12-16